## ਜਮਾਤ: ਗਿਆਰ੍ਹਵੀਂ
## ਵਿਸ਼ਾ: ਲਾਜ਼ਮੀ ਪੰਜਾਬੀ

**ਵਸਤੂਨਿਸ਼ਠ ਪ੍ਰਸ਼ਨ:**

**ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

1. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ?
2. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀਹਨੂੰ-ਕੀਹਨੂੰ ਸੰਬੋਧਨ ਕਰਦੀ ਹੈ?
3. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?
4. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਕਿਹੜੀਆਂ ਦੋ ਧਿਰਾਂ ਵਿੱਚਕਾਰ ਵਾਰਤਾਲਾਪ ਹੁੰਦੀ ਹੈ?
5. 'ਦੇਈਂ-ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਇੱਕ ਕੁੜੀ ਕਿਹੋ-ਜਿਹੀ ਸੱਸ ਚਾਹੁੰਦੀ ਹੈ?
6. 'ਅੱਸੂ ਦਾ ਕਾਜ ਰਚਾ' ਲੋਕ-ਗੀਤ ਵਿੱਚ ਕਿਸ ਮਹੀਨੇ ਤੇ ਜ਼ੋਰ ਦਿੱਤਾ ਗਿਆ ਹੈ?
7. 'ਹਰੀਏ ਨੀ ਰਸ ਭਰੀਏ ਖਜੂਰੇ' ਲੋਕ-ਗੀਤ ਵਿੱਚ 'ਹਰੀ ਰਸ ਭਰੀ ਖਜੂਰ' ਕਿਸ ਨੂੰ ਕਿਹਾ ਗਿਆ ਹੈ?
8. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?
9. 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਕਿਸ ਨੂੰ ਨਿਉਂਦੇ ਵਿਖਾਇਆ ਗਿਆ ਹੈ?
10. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਬਾਬਲ ਦੇ ਘਰ ਨੂੰ ਕੀ ਕਹਿ ਕੇ ਵਡਿਆਉਂਦੀ ਹੈ?
11. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਕਹਿੰਦਾ ਹੈ, 'ਧੀਏ ਘਰ ਜਾ ਆਪਣੇ' ਅਤੇ ਧੀ ਕਹਿੰਦੀ ਹੈ, 'ਬਾਬਲ ਕਿਹੜੇ ਦੇਸ ਜਾਣਾ'। ਇਸ ਸੁਹਾਗ ਵਿੱਚ ਦੱਸੇ ਗਏ ਇਹਨਾਂ ਦੇ ਸੰਸਕਾਰਾਂ ਬਾਰੇ ਨੋਟ ਲਿਖੋ।
12. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਕਿਹੜੇ ਘਰ ਦੀ ਗੱਲ ਕਰਦਾ ਹੈ?
13. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਸੀਦਾ ਕੌਣ ਕੱਢ ਰਹੀ ਹੈ?
14. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?
15. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਵਿੱਚ ਕੌਣ ਪਰਦੇਸਣ ਹੋ ਰਹੀ ਹੈ?
16. 'ਸਿੱਠਣੀਆਂ' ਕਿਹੜੇ ਮੌਕੇ ਉੱਤੇ ਦਿੱਤੀਆਂ ਜਾਂਦੀਆਂ ਹਨ?
17. 'ਸਿੱਠਣੀਆਂ' ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?
18. 'ਸਿੱਠਣੀਆਂ' ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?
19. ਪਾਠ ਪੁਸਤਕ ਵਿੱਚਲੀਆਂ ਸਿੱਠਣੀਆਂ ਵਿੱਚ ਕਿਹੜੇ-ਕਿਹੜੇ ਪ੍ਰਕਿਰਤਿਕ ਹਵਾਲੇ ਮਿਲ਼ਦੇ ਹਨ?
20. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡਿਆਂ ਦੀ ਸਰੀਰਿਕ ਪੱਖੋਂ ਕਿਸ ਨਾਲ਼ ਤੁਲਨਾ ਕੀਤੀ ਗਈ ਹੈ।
21. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡੇ ਕਿਸ ਤਰ੍ਹਾਂ ਦੇ ਚਾਦਰੇ ਬੰਨ੍ਹਦੇ ਹਨ?
22. 'ਪਿੰਡ ਤਾਂ ਸਾਡੇ' ਬੋਲੀ ਅਨੁਸਾਰ ਰਚਨਹਾਰ ਕੀ ਪੜ੍ਹਦਾ ਹੁੰਦਾ ਸੀ?

23. 'ਪਿੰਡ ਤਾਂ ਸਾਡੇ' ਬੋਲੀ ਵਿੱਚ ਰਚਨਹਾਰ ਨੂੰ ਕਿਹੜਾ ਸ਼ੋਕ ਪੈ ਗਿਆ ਸੀ?

24. 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਬੋਲੀ ਵਿੱਚ ਭਰਪੂਰ ਫ਼ਸਲ ਲੈਣ ਲਈ ਕੌਣ-ਕੌਣ ਉਤਸ਼ਾਹ ਨਾਲ਼ ਕੰਮ ਕਰਦੇ ਹਨ?

25. 'ਕਾਲਿਆ ਹਰਨਾ' ਬੋਲੀ ਵਿੱਚ ਕਾਲ਼ੇ ਹਰਨ ਦੇ ਪੈਰਾਂ ਵਿੱਚ ਕੀ ਪਾਇਆ ਹੋਇਆ ਹੈ?

**ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ:**

**1. ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲ਼ੇ ਲੋਕ-ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਸੁਹਾਗ　　ਅ. ਘੋੜੀਆਂ

ੲ. ਟੱਪੇ　　ਸ. ਸਿੱਠਣੀਆਂ

**2. ਕੁੜੀ ਦੇ ਵਿਆਹ ਦਾ ਨਿਰਣਾ ਕੌਣ ਕਰਦਾ ਹੈ?**

ੳ. ਬਾਬਲ　　ਅ. ਮਾਂ

ੲ. ਚਾਚਾ　　ਸ. ਮਾਮਾ

**3. ਬਹੁਤੇ ਸੁਹਾਗ ਧੀ ਵੱਲੋਂ ਕਿਸ ਨੂੰ ਸੰਬੋਧਿਤ ਹੁੰਦੇ ਹਨ?**

ੳ. ਬਾਬਲ ਨੂੰ　　ਅ. ਮਾਂ ਨੂੰ

ੲ. ਚਾਚੇ ਨੂੰ　　ਸ. ਮਾਮੇ ਨੂੰ

**4. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਕਿਸ ਦੇ ਮਨੋ-ਭਾਵ ਅੰਕਿਤ ਹਨ?**

ੳ. ਮੁਟਿਆਰ ਹੋਈ ਧੀ ਦੇ　　ਅ. ਮਾਂ ਦੇ

ੲ. ਬਾਬਲ ਦੇ　　ਸ. ਭਾਬੋ ਦੇ

**5. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕਿਸ ਗੱਲ ਲਈ ਤਰਲਾ ਕਰ ਰਹੀ ਹੈ?**

ੳ. ਵਿਆਹ ਲਈ　　ਅ. ਵਿਆਹ ਨਾ ਕਰਨ ਲਈ

ੲ. ਮੇਲੇ ਜਾਣ ਲਈ　　ਸ. ਉਪਰੋਕਤ ਵਿੱਚੋਂ ਕੋਈ ਨਹੀਂ

**6. ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?**

ੳ. ਕ੍ਰਿਸ਼ਨ ਕਨੱਈਏ ਵਰਗਾ　　ਅ. ਰਾਮ ਵਰਗਾ

ੲ. ਅਰਜਨ ਵਰਗਾ　　ਸ. ਯੁਧਿਸ਼ਟਰ ਵਰਗਾ

**7. 'ਬੇਟੀ, ਚੰਨਣ ਦੇ ਓਹਲੇ' ਸੁਹਾਗ ਵਿੱਚ ਕਿਹੜੀਆਂ ਧਿਰਾਂ ਵਿੱਚ ਵਾਰਤਾਲਾਪ ਹੁੰਦੀ ਹੈ?**

ੳ. ਬਾਬਲ ਅਤੇ ਧੀ ਵਿੱਚਕਾਰ　　ਅ. ਮਾਂ ਤੇ ਧੀ ਵਿੱਚਕਾਰ

ੲ. ਚਾਚੇ ਤੇ ਭਤੀਜੀ ਵਿੱਚਕਾਰ　　ਸ. ਮਾਮੇ ਤੇ ਭਾਣਜੀ ਵਿੱਚਕਾਰ

**8. 'ਦੇਈਂ ਦੇਈਂ ਵੇ ਬਾਬਲਾ' ਲੋਕ-ਗੀਤ ਦੀ ਕਿਹੜੀ ਵੰਨਗੀ ਹੈ?**

ੳ. ਘੋੜੀਆਂ　　ਅ. ਸੁਹਾਗ

ੲ. ਸਿੱਠਣੀਆਂ ਸ. ਟੱਪਾ

**9. ਬੇਟੀ ਬਾਬਲ ਨੂੰ ਕਿਹੜੇ ਮਹੀਨੇ ਵਿੱਚ ਵਿਆਹ ਕਰਨ ਲਈ ਕਹਿੰਦੀ ਹੈ?**

ੳ. ਸਾਉਣ ਅ. ਭਾਦਰੋਂ

ੲ. ਅੱਸੂ ਸ. ਕੱਤਕ

**10. 'ਹਰੀਏ ਨੀ ਰਸ. ਭਰੀਏ ਖਜੂਰੇ' ਸੁਹਾਗ ਵਿੱਚ 'ਰਸ ਭਰੀਏ ਖਜੂਰੇ' ਸ਼ਬਦ ਕਿਸ ਲਈ ਵਰਤਿਆ ਗਿਆ ਹੈ?**

ੳ. ਵਿਆਹ ਵਾਲ਼ੀ ਕੁੜੀ ਲਈ ਅ. ਖਜੂਰ ਲਈ

ੲ. ਸੁਹਾਗ ਲਈ ਸ. ਫਲ਼ ਲਈ

**11. ਧੀ ਦੇ ਵਿਆਹ ਸਮੇਂ ਕੌਣ ਨਿਵਦਾ ਦਿਖਾਇਆ ਗਿਆ ਹੈ?**

ੳ. ਵਿਹੜਾ ਅ. ਬਾਬਲ

ੲ. ਭਰਾ ਸ. ਘਰ

**12. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਕਿਸ ਨੂੰ ਸੰਬੋਧਿਤ ਹੈ?**

ੳ. ਬਾਬਲ ਨੂੰ ਅ. ਮਾਂ ਨੂੰ

ੲ. ਚਾਚੇ ਨੂੰ ਸ. ਮਾਮੇ ਨੂੰ

**13. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਬਾਗ਼ ਵਿੱਚੋਂ ਕੀ ਪੁਟਵਾਉਣ ਦੀ ਗੱਲ ਕਰਦਾ ਹੈ?**

ੳ. ਇੱਟ ਅ. ਅੰਬ

ੲ. ਟਾਹਲੀ ਸ. ਕਿੱਕਰ

**14. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਧੀ ਕੀ ਕੱਢ ਰਹੀ ਹੈ?**

ੳ. ਰੁਮਾਲ ਅ. ਕਸੀਦਾ

ੲ. ਫੁਲਕਾਰੀ ਸ. ਬਾਗ਼

**15. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਪਰਦੇਸਣ ਕੌਣ ਹੋ ਰਹੀ ਹੈ?**

ੳ. ਧੀ ਅ. ਮਾਂ

ੲ. ਮਾਲਣ ਸ. ਉਪਰੋਕਤ ਵਿੱਚੋਂ ਕੋਈ ਨਹੀਂ

**16. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਆਉਂਦੇ ਜਾਂਦੇ ਰਾਹੀ ਧੀ ਤੋਂ ਕੀ ਪੁੱਛਦੇ ਹਨ?**

ੳ. ਰਸਤਾ ਅ. ਪਿੰਡ

ੲ. ਧੀ ਦੇ ਰੋਣ ਦਾ ਕਾਰਨ ਸ. ਪ੍ਰਸ਼ਨ

**17. ਮੁੰਡੇ ਦੇ ਘਰ ਵਿਆਹ ਵੇਲ਼ੇ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਸੁਹਾਗ ਅ. ਘੋੜੀਆਂ

ੲ. ਢੋਲੇ | ਸ. ਮਾਹੀਆ

**18. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਕਿਹੜਾ ਦਿਨ ਭਾਗਾਂ ਭਰਿਆ ਹੈ?**

ੳ. ਕੁੜੀ ਦੇ ਵਿਆਹ ਦਾ | ਅ. ਮੁੰਡੇ ਦੇ ਵਿਆਹ ਦਾ

ੲ. ਕੁੜੀ ਦੇ ਜਨਮ ਦਾ | ਸ. ਮੁੰਡੇ ਦੇ ਜਨਮ ਦਾ

**19. 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜਨਮ ਵੇਲ਼ੇ ਪੰਜ ਰੁਪਏ ਕਿਨ੍ਹਾਂ ਨੂੰ ਦਿੱਤੇ ਗਏ?**

ੳ. ਦਾਈਆਂ ਅਤੇ ਮਾਇਆ ਨੂੰ | ਅ. ਸਕੀਆਂ ਭੈਣਾਂ ਨੂੰ

ੲ. ਗੁਆਂਢਣਾਂ ਨੂੰ | ਸ. ਲਾਗਣਾਂ ਨੂੰ

**20. 'ਹਰਿਆ ਨੀ ਮਾਲਣ' ਘੋੜੀ ਵਿੱਚ ਆਏ ਸ਼ਬਦ 'ਸਬਜ਼' ਤੋਂ ਕੀ ਭਾਵ ਹੈ?**

ੳ. ਪਰੀ | ਅ. ਪੀਲ਼ਾ

ੲ. ਹਰਾ | ਸ. ਨੀਲਾ

**21. 'ਹਰਿਆ ਨੀਂ ਮਾਲਣ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਲਈ ਸਿਹਰਾ ਕੌਣ ਲੈ ਕੇ ਆਈ?**

ੳ. ਭੈਣ | ਅ. ਮਾਲਣ

ੲ. ਲਾਗਣ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**22. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰਾ ਚੰਬੇ ਦੇ ਕਿੰਨੇ ਫੁੱਲਾਂ ਨਾਲ਼ ਗੁੰਦਿਆ ਹੋਇਆ ਹੈ?**

ੳ. ਤਿੰਨ ਲੱਖ | ਅ. ਡੇਢ ਲੱਖ

ੲ. ਦੋ ਲੱਖ | ਸ. ਇੱਕ ਲੱਖ

**23. 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜਨਮ ਵੇਲ਼ੇ ਪੱਟ ਦੇ ਤੇਵਰ ਕਿਨ੍ਹਾਂ ਨੂੰ ਦਿੱਤੇ ਗਏ?**

ੳ. ਦਾਈਆਂ ਅਤੇ ਮਾਈਆਂ ਨੂੰ | ਅ. ਸਕੀਆਂ ਭੈਣਾਂ ਨੂੰ

ੲ. ਗੁਆਂਢਣਾਂ ਨੂੰ | ਸ. ਲਾਗਣਾਂ ਨੂੰ

**24. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰੇ ਦਾ ਮੁੱਲ ਕਿੰਨਾ ਰੱਖਿਆ ਗਿਆ ਹੈ?**

ੳ. ਤਿੰਨ ਲੱਖ | ਅ. ਡੇਢ ਲੱਖ

ੲ. ਦੋ ਲੱਖ | ਸ. ਇੱਕ ਲੱਖ

**25. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰੇ ਦਾ ਮੁੱਲ ਕਰਨ ਲਈ ਕੌਣ ਕਹਿ ਰਿਹਾ ਹੈ?**

ੳ. ਭੈਣ | ਅ. ਚਾਚੀ

ੲ. ਮਾਸੀ | ਸ. ਮਾਂ

**ਸਹੀ ਜਾਂ ਗ਼ਲਤ ਕਥਨ:**

1. ਪ੍ਰਹਿਲਾਦ ਭਗਤ ਨੂੰ 12 ਸਾਲ ਭੋਰੇ ਵਿੱਚ ਰੱਖਿਆ ਗਿਆ।

2. ਹੋਲਿਕਾ ਲਈ ਵਰ ਸ੍ਰਾਪ ਬਣ ਗਿਆ ਸੀ।
3. ਪੁਸ਼ਕਰ ਦੀ ਘੋੜੇ ਦੜਾਉਣ ਵਿੱਚ ਖ਼ਾਸ ਮੁਹਾਰਤ ਸੀ।
4. ਪਰੀ ਕਹਾਣੀਆਂ ਦਾ ਅੰਤ ਸੁਖਾਵਾਂ ਹੁੰਦਾ ਹੈ।
5. ਸੁਦਾਗਰ ਦੀ ਪਤਨੀ ਨੂੰ ਦੋ ਫਫੇ-ਕੁੱਟਣੀਆਂ ਅਤੇ ਦੋ ਠੱਗ ਲੈ ਕੇ ਜਾਣ ਲਈ ਆਏ।
6. ਇੱਕ ਫਫੇ-ਕੁੱਟਣੀ ਸੁਦਾਗਰ ਦੀ ਪਤਨੀ ਦੀ ਨਾਨੀ ਦੀ ਗੁਆਂਢਣ ਸੀ।
7. ਸਬਜ਼-ਪਰੀ ਨੇ ਵਿਆਹ ਲਈ ਹਾਂ ਕਰਨ ਲਈ ਰਾਜੇ ਕੋਲੋਂ ਇਕ ਸਾਲ ਦੀ ਮੁਹਲਤ ਮੰਗੀ।
8. ਮੀਰਜ਼ਾਦਾ ਆਪਣੀ ਭਰਜਾਈ ਦੀ ਭੈਣ ਨਾਲ਼ ਵਿਆਹ ਕਰਾਉਣ ਲਈ ਮੰਨ ਗਿਆ।
9. ਮਾਲਣ ਨੇ ਸਬਜ਼ ਪਰੀ ਨਾਲ਼ ਧੋਖਾ ਕੀਤਾ।
10. ਮੀਰਜ਼ਾਦੇ ਨੇ ਅਸਲੀਅਤ ਜਾਣਨ ਉਪਰੰਤ ਮਾਲਣ ਨੂੰ ਘਰੋਂ ਕੱਢ ਦਿੱਤਾ।
11. ਲਾਲਚੀ ਬੰਦਾ ਦੂਜਾ ਦੀਵਾ ਬਾਲ਼ ਕੇ ਉੱਤਰ ਦਿਸ਼ਾ ਵੱਲ ਚੱਲ ਪਿਆ।
12. ਲਾਲਚੀ ਆਦਮੀ ਬੁੱਢੇ ਦੀ ਗੱਲ ਸੁਣ ਕੇ ਹੱਸਣ ਲੱਗ ਪਿਆ।
13. ਪੂਰਨ ਲੂਣਾ ਤੋਂ ਮਾਂ ਵਾਲ਼ਾ ਆਸ਼ੀਰਵਾਦ ਚਾਹੁੰਦਾ ਸੀ।
14. ਗੋਰਖਨਾਥ ਨੇ ਪੂਰਨ ਨੂੰ ਖੂਹ ਵਿੱਚੋਂ ਪੌੜੀ ਨਾਲ਼ ਬਾਹਰ ਕੱਢ ਲਿਆ।
15. ਲੂਣਾ ਦੀ ਕੁੱਖੋਂ ਰਾਜਾ ਰਸਾਲੂ ਨੇ ਜਨਮ ਲਿਆ।
16. ਰਾਜਾ ਰਸਾਲੂ ਸ਼ੁਰੂ ਤੋਂ ਹੀ ਅਜ਼ਾਦ ਤਬੀਅਤ ਦਾ ਮਾਲਕ ਸੀ।
17. ਰਾਜਾ ਸਿਰਕੱਪ ਇੱਕ ਦਿਆਲੂ ਰਾਜਾ ਸੀ।
18. ਦੁੱਲਾ ਭੱਟੀ ਰਾਜਪੂਤ ਪਰਿਵਾਰ ਨਾਲ਼ ਸੰਬੰਧ ਰੱਖਦਾ ਸੀ।
19. ਦੁੱਲੇ ਭੱਟੀ ਨੂੰ ਦਿੱਲੀ ਲਿਜਾ ਕੇ ਫਾਂਸੀ ਦੇ ਦਿੱਤੀ ਗਈ।
20. ਪੀਲੂ ਦਾ ਲਿਖਿਆ ਹੋਇਆ ਕਿੱਸਾ ਹੀਰ-ਰਾਂਝਾ ਬਹੁਤ ਹਰਮਨ ਪਿਆਰਾ ਹੋਇਆ।
21. ਇੱਕ ਰਿਵਾਇਤ ਅਨੁਸਾਰ ਹੀਰ ਤੇ ਰਾਂਝਾ ਸੁਖੀ-ਸੁਖੀ ਵੱਸਣ ਲੱਗੇ।
22. ਮਿਰਜੇ ਦੇ ਬਚਪਨ ਸਮੇਂ ਹੀ ਉਸਦੀ ਮਾਂ ਦੀ ਮੌਤ ਹੋ ਗਈ ਸੀ।
23. ਮਿਰਜਾ ਸਾਂਦਲ ਬਾਰ ਦਾ ਜੰਮ-ਪਲ ਸੀ।
24. 'Audit' ਦਾ ਪੰਜਾਬੀ ਅਨੁਵਾਦ **ਲੇਖਾ-ਪੜਤਾਲ** ਹੈ।
25. 'Bi-annual' ਦਾ ਪੰਜਾਬੀ ਅਨੁਵਾਦ **ਵਾਰਸ਼ਿਕ** ਹੈ।

### ਖ਼ਾਲੀ ਥਾਂਵਾਂ ਭਰੋ:

1. ਤੇਰਾ ਹੋਵੇਗਾ ਵੱਡੜਾ ਜਸ, ..................ਤੁਕ ਪੂਰੀ ਕਰੋ।
2. ਚੜ੍ਹ ਚੁਬਾਰੇ ਸੁੱਤਿਆ ਬਾਬਲ..................ਤੁਕ ਪੂਰੀ ਕਰੋ।
3. ਸਾਡਾ ਚਿੜੀਆਂ ਦਾ ਚੰਬਾ ਵੇ..................ਤੁਕ ਪੂਰੀ ਕਰੋ।

4. ਮੈਂ ਬਲਿਹਾਰੀ ਵੇ ਮਾਂ ਦਿਆ..................ਤੁਕ ਪੂਰੀ ਕਰੋ।

5. ਮੱਥੇ 'ਤੇ ਚਮਕਣ ਵਾਲ਼..................ਤੁਕ ਪੂਰੀ ਕਰੋ।

6. 'Nominated' ਦਾ ਪੰਜਾਬੀ ਅਨੁਵਾਦ .....................ਹੈ।

7. 'Probation' ਦਾ ਪੰਜਾਬੀ ਅਨੁਵਾਦ .....................ਹੈ।

8. 'Reminder' ਦਾ ਪੰਜਾਬੀ ਅਨੁਵਾਦ .....................ਹੈ।

9. 'Accord' ਦਾ ਪੰਜਾਬੀ ਅਨੁਵਾਦ .....................ਹੈ।

10. 'Barter' ਦਾ ਪੰਜਾਬੀ ਅਨੁਵਾਦ .....................ਹੈ।

11. ਉੱਚਾ ............... ਨਾ ਕੱਢਣਾ

12. ............... ਧੁੰਮੀ ਮਚਾਉਣਾ

13. ਅਸਮਾਨ ਨੂੰ ............... ਲਾਉਣੀਆਂ

14. ............... ਫੱਟਾਂ ਉੱਤੇ ਲੂਣ ਛਿੜਕਣਾ

15. ਆਪਣੇ ............... ਵਿੱਚ ਤੀਰ ਹੋਣਾ

16. ਮੀਰਜ਼ਾਦਾ ਕਹਿਣ ਲੱਗਾ, "ਮੈਂ ਹੁਣ ......... ਨਾਲ਼ ਹੀ ਵਿਆਹ ਕਰਵਾਵਾਂਗਾ।"

17. ਮੀਰਜ਼ਾਦੇ ਨੇ ਦਰਿਆ ਦੇ ਕੰਢੇ ਤੋਂ ਪਰੀਆਂ ਦੇ ......... ਚੁੱਕ ਲਏ।

18. ਲਾਲਚੀ ਬੰਦਾ ਤੀਜਾ ਦੀਵਾ ਬਾਲ਼ ਕੇ ......... ਦਿਸ਼ਾ ਵੱਲ ਚੱਲ ਪਿਆ।

19. ਚੌਥਾ ਦੀਵਾ ਇੱਕ ......... ਕੋਲ਼ ਜਾ ਕੇ ਬੁਝ ਗਿਆ।

20. ਸਿਆਲ਼ਕੋਟ ਦੇ ਰਾਜੇ ਸਲਵਾਨ ਦੀਆਂ ......... ਰਾਣੀਆਂ ਸਨ।

21. ਪੂਰਨ ਦਾ ਸਤਿ ਤੇ ਤੇਜ ਦੇਖ ਕੇ ......... ਜੈ ਜੈ ਕਾਰ ਕਰਨ ਲੱਗੇ।

22. ਜੋਗੀ ਚਲਦੇ ਭਲੇ ...........................।

23. ਸਲਵਾਨ ਦੇ ਘਰ ਰਾਣੀ ਲੂਣਾਂ ਦੀ ਕੁੱਖੋਂ ......... ਦਾ ਜਨਮ ਹੋਇਆ।

24. ਰਾਜੇ ਸਿਰਕੱਪ ਦੇ ਘਰ ......... ਨੇ ਜਨਮ ਲਿਆ।

25. ਦੁੱਲੇ ਦਾ ਚਾਚਾ ......... ਉਸ ਨਾਲ਼ ਵੈਰ ਰੱਖਦਾ ਸੀ।

**ਅਭਿਆਸ ਪ੍ਰਸ਼ਨ:**

**ਪ੍ਰਸਨ-1. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਤੇ ਕਿਉਂ?**

ਉੱਤਰ- ਇਸ ਸੁਹਾਗ ਵਿੱਚ ਧੀ ਆਪਣੇ ਬਾਬਲ, ਮਾਂ, ਚਾਚੇ ਤੇ ਚਾਚੀ ਨੂੰ ਆਪਣਾ ਵਿਆਹ ਕਰਨ ਲਈ ਕਹਿੰਦੀ ਹੈ ਕਿਉਂਕਿ ਉਹ ਮੁਟਿਆਰ ਹੋ ਗਈ ਹੈ। ਉਸ ਦੇ ਰੂਪ ਵੱਲ ਲੋਕ ਮੈਲੀਆਂ ਨਜ਼ਰਾਂ ਨਾਲ਼ ਦੇਖਦੇ ਹਨ ਤੇ ਉਸ ਦੇ ਨਾਲ਼ ਦੀਆਂ ਕੁੜੀਆਂ ਸਹੁਰੇ ਚਲੀਆਂ ਗਈਆਂ ਹਨ।

**ਪ੍ਰਸ਼ਨ-2. 'ਬੇਟੀ, ਚੰਨਣ ਦੇ ਉਹਲੇ' ਲੋਕ-ਗੀਤ ਵਿੱਚ ਧੀ ਆਪਣੇ ਆਪ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?**

ਉੱਤਰ- ਇਸ ਲੋਕ-ਗੀਤ ਵਿੱਚ ਧੀ ਆਪਣੇ ਲਈ ਬਹੁਤ ਸੋਹਣਾ ਵਰ ਚਾਹੁੰਦੀ ਹੈ। ਉਹ ਦੁਨੀਆ ਭਰ ਦੇ ਮੁੰਡਿਆ ਵਿੱਚੋਂ ਇਸ ਤਰ੍ਹਾਂ ਸੋਹਣਾ ਵਰ ਚਾਹੁੰਦੀ ਹੈ ਜਿਸ ਤਰ੍ਹਾ ਹਜ਼ਾਰਾਂ ਤਾਰਿਆ ਵਿੱਚੋਂ ਸਭ ਤੋਂ ਸੋਹਣਾ ਚੰਦ ਹੁੰਦਾ ਹੈ। ਉਹ ਚੰਦ ਨਾਲ਼ੋਂ ਵੀ ਸੋਹਣਾ ਕ੍ਰਿਸ਼ਨ-ਘਨੱਈਏ ਵਰਗਾ ਮਨਮੋਹਣਾ ਵਰ ਚਾਹੁੰਦੀ ਹੈ।

**ਪ੍ਰਸ਼ਨ-3. 'ਦੇਈਂ ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਕੁੜੀ ਦੀ ਖ਼ੁਸ਼ਹਾਲ ਘਰ ਬਾਰੇ ਕੀ ਕਲਪਨਾ ਹੈ?**

ਉੱਤਰ- ਇਸ ਸੁਹਾਗ ਵਿੱਚ ਕੁੜੀ ਚਾਹੁੰਦੀ ਹੈ ਕਿ ਉਸ ਦਾ ਸਹੁਰਾ ਘਰ ਰੱਜਿਆ ਪੁੱਜਿਆ ਤੇ ਖ਼ੁਸ਼ਹਾਲ ਹੋਵੇ। ਉਸ ਘਰ ਵਿੱਚ ਸੱਠ ਸੱਤਰ ਬੂਰੀਆਂ ਝੋਟੀਆਂ ਹੋਣ। ਘਰ ਵਿੱਚ ਬੈਠਾ ਦਰਜ਼ੀ ਲਗਾਤਾਰ ਰੇਸ਼ਮ ਦੇ ਕੱਪੜੇ ਸੀ ਕੇ ਤਿਆਰ ਕਰ ਰਿਹਾ ਹੋਵੇ ਤੇ ਸੁਨਿਆਰਾ ਘਰ ਵਿੱਚ ਬੈਠਾ ਲਗਾਤਾਰ ਗਹਿਣੇ ਘੜ੍ਹ ਰਿਹਾ ਹੋਵੇ। ਇਸ ਤਰ੍ਹਾਂ ਉਸ ਨੂੰ ਘਰ ਵਿੱਚ ਖ਼ੁਸ਼ੀਆਂ, ਖਾਣ-ਪੀਣ, ਪਹਿਨਣ ਤੇ ਸ਼ਿੰਗਾਰ ਦੇ ਸਾਮਾਨ ਦੀ ਕੋਈ ਕਮੀ ਨਾ ਆਵੇ।

**ਪ੍ਰਸ਼ਨ-4. 'ਦੇਈਂ ਦੇਈਂ ਵੇ ਬਾਬਲਾ' ਲੋਕ-ਗੀਤ ਵਿੱਚ ਧੀ ਹੇਠ ਲਿਖੀ ਤੁਕ ਮੁੜ-ਮੁੜ ਕਿਉਂ ਸੰਬੋਧਨ ਕਰਦੀ ਹੈ?**
**ਤੇਰਾ ਹੋਵੇਗਾ ਵੱਡੜਾ ਜੱਸ, ਬਾਬਲ ਤੇਰਾ ਪੁੰਨ ਹੋਵੇ।**

ਉੱਤਰ- ਇਹ ਤੁਕ ਮੁੜ-ਮੁੜ ਸੰਬੋਧਨ ਕਰਕੇ ਬਾਬਲ ਨੂੰ ਉਸ ਦੇ ਫ਼ਰਜ਼ ਬਾਰੇ ਚੇਤੰਨ ਕਰਨਾ ਚਾਹੁੰਦੀ ਹੈ ਕਿ ਉਹ ਉਸ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖ ਕੇ ਉਸ ਲਈ ਰੱਜਿਆ-ਪੁੱਜਿਆ ਤੇ ਖ਼ੁਸ਼ਹਾਲ ਘਰ ਲੱਭੇ। ਇਸ ਨਾਲ਼ ਉਸ ਨੂੰ ਵੱਡਾ ਪੁੰਨ ਲੱਗੇਗਾ ਅਤੇ ਸਰੀਕਾਂ ਤੇ ਰਿਸਤੇਦਾਰਾਂ ਵਿੱਚ ਉਸ ਦੀ ਬਹੁਤ ਵਡਿਆਈ ਹੋਵੇਗੀ।

**ਪ੍ਰਸ਼ਨ-5. ਅੱਸੂ ਦਾ ਕਾਜ ਰਚਾ ਲੋਕ-ਗੀਤ ਵਿੱਚ ਅੱਸੂ ਦੇ ਮਹੀਨੇ' ਤੇ ਜ਼ੋਰ ਕਿਉਂ ਦਿੱਤਾ ਗਿਆ ਹੈ?**

ਉੱਤਰ- ਇਸ ਲੋਕ ਗੀਤ ਵਿੱਚ ਅੱਸੂ ਦੇ ਮਹੀਨੇ ਉੱਤੇ ਜ਼ੋਰ ਇਸ ਕਰਕੇ ਦਿੱਤਾ ਗਿਆ ਹੈ, ਕਿਉਂਕਿ ਧੀ ਚਾਹੁੰਦੀ ਹੈ ਕਿ ਉਸ ਦਾ ਬਾਪ ਉਸ ਦਾ ਵਿਆਹ ਥੋੜ੍ਹਾ ਸਮਾਂ ਹੋਰ ਠਹਿਰ ਕੇ ਕਰੋ, ਤੇ ਉਹ ਮਾਪਿਆਂ ਦੇ ਘਰ ਦਾ ਕੁਝ ਸਮਾਂ ਹੋਰ ਅਨੰਦ ਲੈ ਸਕੇ। ਉਂਵ ਵੀ ਅੱਸੂ ਦਾ ਮਹੀਨਾ ਵਿਆਹ ਲਈ ਸ਼ੁੱਭ ਹੁੰਦਾ ਹੈ ਤੇ ਇਸ ਮਹੀਨੇ ਵਿੱਚ ਰੁੱਤ ਵੀ ਸੁਹਾਵਣੀ ਹੁੰਦੀ ਹੈ।

**ਪ੍ਰਸ਼ਨ-6. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਵਿਰਲਾਪ ਅਤੇ ਢੇਰ ਸਾਰੇ ਦਾਜ ਦਾ ਟਾਕਰਾ ਕਿਉਂ ਪ੍ਰਗਟ ਹੋਇਆ ਹੈ?**

ਉੱਤਰ- ਇਸ ਵਿੱਚ ਕੁੜੀ ਦੇ ਵਿਰਲਾਪ ਤੇ ਦਾਜ ਦਾ ਟਾਕਰਾ ਇਸ ਕਰਕੇ ਹੋਇਆ ਹੈ ਕਿਉਂਕਿ ਇਸ ਵਿੱਚ ਇਹ ਦੱਸਿਆ ਗਿਆ ਹੈ ਕਿ ਖਾਂਦੇ-ਪੀਂਦੇ ਮਾਪਿਆਂ ਨੂੰ ਆਪਣੀ ਧੀ ਲਈ ਖਾਂਦੇ-ਪੀਂਦੇ ਘਰ ਦਾ ਮੁੰਡਾ ਨੇੜੇ ਨਹੀਂ ਲੱਭਾ ਸਗੋਂ ਦੂਰ ਲੱਭਾ ਹੈ। ਢੇਰ ਸਾਰਾ ਦਾਜ ਖਾਂਦੇ-ਪੀਂਦੇ ਘਰ ਦਾ ਸੂਚਕ ਹੈ ਪਰ ਇਸ ਘਰ ਦੇ ਮਾਪਿਆਂ ਦੇ ਘਰ ਤੋਂ ਬਹੁਤ ਦੂਰ ਹੋਣ ਕਰਕੇ ਕੁੜੀ ਦੇ ਮਨ ਵਿੱਚ ਵਿਰਲਾਪ ਉਪਜਦਾ ਹੈ।

**ਪ੍ਰਸ਼ਨ-7. 'ਨਿਵੇਂ ਪਹਾੜਾਂ ਦੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਡੋਲ ਰਹੇ ਪੇਕੇ ਪਰਿਵਾਰ ਵਾਲ਼ਿਆਂ ਨੂੰ ਕਿਹੜੇ-ਕਿਹੜੇ ਸ਼ਬਦਾਂ ਨਾਲ ਦਿਲਾਸਾ ਦਿੱਤਾ ਗਿਆ ਹੈ?**

ਉੱਤਰ- ਇਸ ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਡੋਲ ਰਹੇ ਪਰਿਵਾਰ ਨੂੰ ਇਹ ਕਹਿ ਕੇ ਦਿਲਾਸਾ ਦਿੱਤਾ ਗਿਆ ਹੈ ਕਿ ਉਹਨਾਂ ਦੇ ਘਰ ਇਹ ਕੋਈ ਨਵਾਂ ਕੰਮ ਨਹੀਂ ਹੋਇਆ, ਸਗੋਂ ਬਾਬਲ ਤੇ ਤਾਏ ਵੱਲੋਂ ਕੁੜੀ ਨੂੰ ਵਿਆਹ ਕੇ ਘਰੋਂ ਤੋਰਨਾ ਦੁਨੀਆ ਦਾ ਪੁਰਾਣਾ ਦਸਤੂਰ ਹੈ।

**ਪ੍ਰਸ਼ਨ-8. 'ਚੜ੍ਹ ਚੁਬਾਰੇ ਸੁੱਤਿਆਂ' ਸੁਹਾਗ ਵਿੱਚ ਧੀ ਕਿਸ-ਕਿਸ ਨੂੰ ਸੰਬੋਧਨ ਕਰਦੀ ਹੈ?**

ਉੱਤਰ- 'ਚੜ੍ਹ ਚੁਬਾਰੇ ਸੁੱਤਿਆਂ' ਸੁਹਾਗ ਵਿੱਚ ਵਿਆਹ ਵਾਲ਼ੀ ਮੁਟਿਆਰ ਆਪਣੇ ਬਾਬਲ, ਮਾਂ, ਚਾਚਾ, ਚਾਚੀ ਨੂੰ ਸੰਬੋਧਨ ਹੁੰਦੀ ਹੈ ਤੇ ਆਪਣਾ ਕਾਜ ਰਚਾਉਣ ਲਈ ਕਹਿੰਦੀ ਹੈ ਉਸ ਦੇ ਨਾਲ਼ ਦੀਆਂ ਸਹੁਰੇ ਚਲੀਆਂ ਗਈਆਂ ਹਨ, ਉਹ ਵੀ ਮੁਟਿਆਰ ਹੋ ਗਈ ਹੈ।

**ਪ੍ਰਸ਼ਨ-9. 'ਚੜ੍ਹ ਚੁਬਾਰੇ ਸੁੱਤਿਆਂ' ਸੁਹਾਗ ਵਿੱਚ ਭਾਬੋ ਦੇ ਮਨ ਚਾਅ ਕਿਉਂ ਹੈ?**

ਉੱਤਰ- ਭਾਬੋ ਦੇ ਮਨ ਚਾਅ ਜਾਂ ਖ਼ੁਸ਼ੀ ਇਸ ਕਰਕੇ ਹੈ ਉਹ ਚਾਹੁੰਦੀ ਹੈ ਕਿ ਉਸ ਦੀ ਨਣਦ ਛੇਤੀ ਵਿਆਹੀ ਜਾਵੇ।

**ਪ੍ਰਸ਼ਨ-10. 'ਬੇਟੀ, ਚੰਨਣ ਦੇ ਓਹਲੇ' ਲੋਕ ਗੀਤ ਵਿੱਚ ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?**

ਉੱਤਰ- 'ਬੇਟੀ, ਚੰਨਣ ਦੇ ਉਹਲੇ' ਸੁਹਾਗ ਵਿੱਚ ਮੁਟਿਆਰ ਕੁੜੀ ਆਪਣੇ ਲਈ ਤਾਰਿਆਂ ਵਿੱਚ ਚੰਦਰਮਾਂ ਵਾਂਗੂੰ ਸੋਹਣਾ, ਚੰਦਰਮਾ ਤੋਂ ਵੀ ਸੋਹਣਾ ਕਾਹਨ-ਘਨੱਈਆ ਕ੍ਰਿਸ਼ਨ ਵਰਗਾ, ਵਰ ਚਾਹੁੰਦੀ ਹੈ। ਇਸ ਸੁਹਾਗ ਵਿੱਚ ਬਾਪ ਤੇ ਧੀ ਵਿੱਚਕਾਰ 'ਧੀ ਲਈ ਲੱਭੇ ਜਾਣ ਵਾਲ਼ੇ ਵਰ ਸੰਬੰਧੀ' ਵਾਰਤਾਲਾਪ ਹੁੰਦਾ ਹੈ। ਧੀ ਚੰਨਣ ਦਾ ਉਹਲਾ ਇਸ ਲਈ ਤਕਾਉਂਦੀ ਹੈ ਕਿ ਮਨ ਦੀ ਗੱਲ ਬਾਪ ਅੱਗੇ ਕਰਦਿਆਂ ਸੰਗ ਆਉਂਦੀ ਹੈ।

**ਪ੍ਰਸ਼ਨ-11. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾਂ' ਵਿੱਚ ਧੀ ਦੇ ਰੋਣ ਦਾ ਕਾਰਨ ਕੀ ਹੈ?**

ਉੱਤਰ- ਇਸ ਸੁਹਾਗ ਵਿੱਚ ਮੁਟਿਆਰ ਕਸੀਦਾ ਕੱਢ ਰਹੀ ਹੈ, ਉਹ ਤਾਂ ਰੋ ਰਹੀ ਹੈ ਕਿ ਉਸ ਦਾ ਵਿਆਹ ਰਚਾਇਆ ਜਾ ਰਿਹਾ ਹੈ ਤੇ ਉਹ ਪੇਕੇ ਛੱਡ ਕੇ ਪਰਦੇਸ (ਸਹੁਰੇ ਘਰ) ਜਾ ਰਹੀ ਹੈ। ਇਸ ਸੁਹਾਗ ਵਿੱਚ ਪਿਓ-ਧੀ, ਭੈਣ-ਭਰਾ, ਚਾਚਾ-ਭਤੀਜੀ, ਮਾਮਾ-ਭਾਣਜੀ ਰਿਸ਼ਤਿਆਂ ਦਾ ਜ਼ਿਕਰ ਹੈ।

**ਪ੍ਰਸ਼ਨ-12. 'ਹਰਿਆ ਨੀ ਮਾਲਣ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਤੇ ਉਸ ਦੇ ਪਰਿਵਾਰ ਦੀ ਵਡਿਆਈ ਕਿਵੇਂ ਦੱਸੀ** ਗਈ ਹੈ?

ਉੱਤਰ- ਵਿਆਹਿਆ ਜਾਣ ਵਾਲ਼ਾ ਮੁੰਡਾ ਜਨਮ ਤੋਂ ਹੀ ਘਰ ਨੂੰ ਖ਼ੁਸ਼ਹਾਲੀ ਨਾਲ਼ ਭਰਨ ਵਾਲ਼ਾ ਤੇ ਭਾਗਾਂ ਭਰਿਆ ਸੀ। ਉਸ ਨੂੰ ਖਿਡਾਉਣ ਲਈ ਦਾਈਆਂ-ਮਾਈਆਂ ਤੇ ਭੈਣਾਂ ਸਨ। ਉਸ ਦੇ ਜਨਮ ਉੱਤੇ ਦਾਈਆਂ ਤੇ ਮਾਈਆਂ ਨੂੰ ਪੰਜ-ਪੰਜ ਰੁਪਏ ਮਿਲ਼ੇ ਸਨ ਅਤੇ ਭੈਣਾਂ ਨੂੰ ਰੇਸ਼ਮ ਦੇ ਤੇਵਰ। ਇਸ ਮੁੰਡੇ ਦੇ ਵਿਆਹ ਸਮੇਂ ਉਹਨਾਂ ਦੇ ਘਰ ਉੱਤੇ ਤੰਬੂ ਤੇ ਸਬਜ਼

ਕਨਾਤਾਂ ਲੱਗੀਆਂ ਹੋਈਆਂ ਸਨ। ਮਾਲਣ ਵਿਆਹਦੜ ਮੁੰਡੇ ਲਈ ਤਿੰਨ ਲੱਖ ਫੁੱਲਾਂ ਦਾ ਹਾਰ ਗੁੰਦ ਕੇ ਲਿਆਈ ਸੀ, ਜਿਸ ਦਾ ਮੁੱਲ ਉਹ ਤਿੰਨ ਲੱਖ ਰੁਪਏ ਦੱਸਦੀ ਸੀ।

**ਪ੍ਰਸ਼ਨ-13. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ** ਹੈ?

ਉੱਤਰ- ਇਸ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਨੂੰ ਸਰਦਾਰਾਂ ਤੋਂ ਅਮੀਰਾਂ ਨਾਲ਼ ਉੱਠਣ ਬੈਠਣ ਵਾਲ਼ਾ ਦੇਸ ਤੇ ਉਸ ਨੂੰ ਨਵਾਬਾਂ ਦੇ ਘਰ ਵਿਆਹਿਆ ਜਾਣ ਵਾਲ਼ਾ ਦੱਸ ਕੇ, ਉਸ ਦੀ ਘੋੜੀ, ਕਲਗੀ ਵਾਲ਼ੇ ਚੀਰੇ, ਜੁਗਨੀਆਂ ਵਾਲ਼ੇ ਕੈਂਠੇ, ਤਣੀਆ ਵਾਲ਼ੇ ਪਹਿਰਾਵੇ ਅਤੇ ਤਿੱਲੇ ਵਾਲ਼ੀ ਜੁੱਤੀ ਦੀ ਪ੍ਰਸੰਸਾ ਕਰ ਕੇ ਉਸ ਦੀ ਸਿਫ਼ਤ ਕੀਤੀ ਗਈ ਹੈ।

**ਪ੍ਰਸ਼ਨ-14. 'ਨਿੱਕੀ ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੇ ਪਰਿਵਾਰ ਦੀ ਖ਼ੁਸ਼ਹਾਲੀ ਕਿਵੇਂ ਦੱਸੀ ਗਈ ਹੈ?**

ਉੱਤਰ- ਇਸ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਖ਼ੁਸ਼ਹਾਲੀ ਦਰਸਾਉਣ ਲਈ ਉਸ ਦੇ ਘਰ ਨੂੰ ਮਹਿਲ ਦੱਸਿਆ ਗਿਆ ਹੈ। ਉਸ ਦਾ ਬਾਬਾ ਪੈਸੇ ਸੁੱਟਣ ਲਈ ਦੰਮਾ ਦੀ ਬੋਰੀ ਫੜਦਾ ਹੈ। ਬਾਪ ਹਾਥੀਆਂ ਦੇ ਸੰਗਲ ਫੜ੍ਹ ਕੇ ਉਹਨਾਂ ਨੂੰ ਜੰਞ ਵਿੱਚ ਸ਼ਾਮਲ ਕਰਦਾ ਹੈ ਤੇ ਵਿਆਹਦੜ ਆਪ ਨੀਲੀ ਘੋੜੀ ਉੱਤੇ ਸਵਾਰ ਹੁੰਦਾ ਹੈ।

**ਪ੍ਰਸ਼ਨ-15. 'ਨਿੱਕੀ ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਪ੍ਰਕਿਰਤੀ ਨੂੰ ਵਿਆਹ ਦੀ ਖ਼ੁਸ਼ੀ ਨਾਲ਼ ਕਿਵੇਂ ਜੋੜਿਆ ਗਿਆ ਹੈ?**

ਉੱਤਰ- ਇਸ ਘੋੜੀ ਵਿੱਚ ਕੁਦਰਤ ਨੂੰ ਵਿਆਹ ਦੀ ਖ਼ੁਸ਼ੀ ਵਿੱਚ ਭਾਈਵਾਲ ਵੀ ਬਣਾਇਆ ਗਿਆ ਹੈ ਤੇ ਉਸ ਨੂੰ ਵਿਆਹ ਦੀ ਸ਼ਾਨੋ-ਸ਼ੌਕਤ ਵਧਾਉਣ ਵਾਲ਼ੀ ਵੀ ਦੱਸਿਆ ਗਿਆ ਹੈ। ਇਸ ਦੇ ਨਾਲ਼ ਹੀ ਇਹ ਵਿਆਹ ਦਾ ਦ੍ਰਿਸ਼ ਚਿਤਰਨ ਵਿੱਚ ਵੀ ਸਹਾਈ ਹੈ। ਜਰਾ ਦੇਖੋ ਕੁਦਰਤ ਵਿਆਹ ਦੀ ਖ਼ੁਸ਼ੀ ਵਿੱਚ ਭਾਈਵਾਲ: ਨਿੱਕੀ ਨਿੱਕੀ ਬੂੰਦੀ ਵੇ ਨਿੱਕਿਆ ਮੀਹ ਵਰ੍ਹੇ, ਵੇ ਨਿੱਕਿਆ, ਮਾਂ ਵੇ ਸੁਹਾਗਣ ਤੇਰੀ ਸ਼ਗਨ ਕਰੇ। ਵਿਆਹ ਵਿੱਚ ਹਾਥੀ, ਨੀਲੀ ਘੋੜੀ ਤੇ ਪੀਲ਼ੀ ਦਾਲ਼ ਵਿਆਹ ਦੀ ਸ਼ਾਨੋ-ਸ਼ੌਕਤ ਨੂੰ ਵਧਾਉਂਦੇ ਤੇ ਉਸ ਦਾ ਦ੍ਰਿਸ਼ ਚਿਤਰਨ ਕਰਦੇ ਹਨ। ਇਸ ਤਰ੍ਹਾਂ ਪ੍ਰਕਿਰਤੀ ਵਿਆਹ ਦਾ ਦ੍ਰਿਸ਼ ਚਿਤਰਨ ਦੇ ਰੂਪ ਵਿੱਚ ਸ਼ਾਮਲ ਹੈ।

**ਪ੍ਰਸ਼ਨ-16. 'ਨਿੱਕੀ ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਕੁਝ ਰੰਗਾਂ ਦੇ ਨਾਂ ਖ਼ੁਸ਼ੀ ਦੇ ਵਾਤਾਵਰਨ ਨੂੰ ਪ੍ਰਗਟ ਕਰਨ ਲਈ ਦੁਹਰਾਏ ਗਏ ਹਨ, ਦੱਸੋ ਕਿਵੇਂ?**

ਉੱਤਰ- ਇਸ ਸ਼ਬਦ ਦੀ ਵਰਤੋਂ ਘੋੜੀ ਦੇ ਸੰਗੀਤ ਵਿੱਚ ਵਾਧਾ ਕਰਨ ਤੇ ਉਸ ਦੇ ਅਰਥਾਂ ਉੱਪਰ ਵਧੇਰੇ ਬਲ ਦੇਣ ਲਈ ਕੀਤੀ ਗਈ ਹੈ, ਜਿਵੇਂ- ਨੀਲੀ-ਨੀਲੀ, ਪੀਲ਼ੀ-ਪੀਲ਼ੀ ਅਤੇ ਰੱਤਾ-ਰੱਤਾ।

**ਪ੍ਰਸ਼ਨ-17. ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?**

ਉੱਤਰ- ਸਿੱਠਣੀਆਂ ਵਿੱਚ ਲਾੜਾ, ਕੁੜਮ, ਲਾੜੇ ਦੀ ਮਾਂ, ਚਾਚਾ ਹੋਰ ਰਿਸ਼ਤੇਦਾਰ ਤੇ ਸਾਰੇ ਜਾਂਞੀ ਮਜ਼ਾਕ ਦੇ ਪਾਤਰ ਬਣਦੇ ਹਨ।

**ਪ੍ਰਸ਼ਨ-18. ਸਿੱਠਣੀਆਂ ਵਿੱਚ ਹਾਸੇ-ਮਜ਼ਾਕ ਲਈ ਕਿਹੜੇ-ਕਿਹੜੇ ਵਿਸ਼ੇ ਚੁਣੇ ਜਾਂਦੇ ਹਨ?**

ਉੱਤਰ- ਸਿੱਠਣੀਆਂ ਵਿੱਚ ਹਾਸੇ ਮਜਾਕ ਲਈ ਲਾੜੇ, ਉਸ ਦੇ ਮਾਂ ਪਿਓ ਤੇ ਚਾਚਿਆਂ-ਤਾਇਆਂ ਦੀ ਸ਼ਕਲ ਤੇ ਸਰੀਰਿਕ ਬਣਤਰ, ਉਹਨਾਂ ਦਾ ਪਿਛੋਕੜ ਕੰਜੂਸੀ, ਆਲਸ, ਮੂਰਖਤਾ ਤੇ ਬਹੁਤਾ ਖਾਣ ਦੀ ਰੁਚੀ ਆਦਿ ਵਿਸ਼ੇ ਚੁਣੇ ਜਾਂਦੇ ਹਨ।

**ਪ੍ਰਸ਼ਨ-19. ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਹੁੰਦਾ ਹੈ? ਅਜਿਹੀ ਕਿਸੇ ਇੱਕ ਸਿੱਠਣੀ ਦੀ ਉਦਾਹਰਨ ਦਿਓ।**

ਉੱਤਰ- ਸਿੱਠਣੀਆਂ ਵਿੱਚ ਲਾੜੇ ਤੇ ਜਾਂਞੀਆਂ ਦੇ ਘਰੋਂ ਭੁੱਖੇ ਹੋਣ ਤੇ ਜੰਞ ਵਿੱਚ ਬਹੁਤਾ ਖਾਣ ਦੀਆਂ ਰੁਚੀਆਂ ਉੱਪਰ ਵਿਅੰਗ ਕੀਤਾ ਹੁੰਦਾ ਹੈ। ਉਦਾਹਰਨ

ਥੋੜ੍ਹਾ ਥੋੜ੍ਹਾ ਖਾਇਓ ਜੀ,

ਗਲ਼ੀਆਂ ਨਾ ਤਰਕਾਇਓ ਜੀ।

**ਪ੍ਰਸ਼ਨ-20. ਸਿੱਠਣੀਆਂ ਵਿੱਚ ਕਿਹੜੇ-ਕਿਹੜੇ ਪ੍ਰਕਿਰਤਕ ਹਵਾਲੇ ਮਿਲ਼ਦੇ ਹਨ?**

ਉੱਤਰ- ਸਿੱਠਣੀਆਂ ਵਿੱਚ ਤੂਤ, ਟਾਹਲੀ ਆਦਿ ਰੁੱਖ, ਡੱਡੂ, ਚਾਮਚੜਿੱਕ, ਚੂਹਾ, ਰਿੱਛ ਆਦਿ ਜੀਵਾਂ, ਵਹਿੜਕਾ ਤੇ ਬੋਕ ਆਦਿ ਪਸੂਆਂ ਅਤੇ ਕਰੇਲੇ, ਕੱਦੂ ਆਦਿ ਸਬਜ਼ੀਆਂ ਤੋਂ ਇਲਾਵਾ ਖੂਹ, ਟੋਏ, ਮਿਰਚਾਂ, ਮੱਕੀ ਆਦਿ ਪ੍ਰਕਿਰਤਕ ਹਵਾਲੇ ਆਏ ਹਨ।

**ਪ੍ਰਸ਼ਨ-21. ਆਪਣੀ ਪਾਠ-ਪੁਸਤਕ ਵਿੱਚੋਂ ਲੋਕ ਸਿਆਣਪ ਤੇ ਲੋਕ-ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਲਿਖੋ?**

ਉੱਤਰ- ਲੋਕ-ਸਿਆਣਪ ਤੇ ਲੋਕ-ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਹੇਠ ਲਿਖੇ ਹਨ-

1. ਉੱਥੇ ਅਮਲਾਂ ਦੇ ਹੋਣਗੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ।
2. ਕਿੱਥੋਂ ਭਾਲ਼ਦੈਂ ਬਜੌਰ ਦੀਆਂ ਦਾਖਾਂ, ਕਿੱਕਰਾਂ ਦੇ ਬੀਜ, ਬੀਜ ਕੇ।
3. ਤਿੰਨ ਰੰਗ ਨਹੀਂਓਂ ਲੱਭਣੇ. ਹੁਸਨ, ਜੁਆਨੀ, ਮਾਪੇ।

**ਪ੍ਰਸ਼ਨ-22. ਆਪਣੀ ਪਾਠ-ਪੁਸਤਕ ਆਧਾਰਿਤ ਪੰਜਾਬੀ ਦੇ ਕਿਨ੍ਹਾਂ ਟੱਪਿਆਂ ਵਿੱਚ ਮਨੁੱਖੀ ਰਿਸ਼ਤੇ ਵਿਸ਼ਾ ਬਣੇ ਹਨ? ਇਹ ਵੀ ਦੱਸੋ ਕਿਹੜੇ ਰਿਸ਼ਤੇ ਇਹਨਾਂ ਟੱਪਿਆਂ ਵਿੱਚ ਆਏ ਹਨ?**

ਉੱਤਰ- ਪਾਠ-ਪੁਸਤਕ ਆਧਾਰਿਤ ਪੰਜਾਬੀ ਦੇ ਹੇਠ ਲਿਖੇ ਟੱਪਿਆ ਵਿੱਚ ਮਨੁੱਖੀ ਰਿਸਤੇ ਵਿਸ਼ਾ ਬਣੇ ਹਨ।

- ਭੈਣਾ ਵਰਗਾ ਸਾਕ ਨਾ ਕੋਈ, ਟੁੱਟ ਕੇ ਨਾ ਬਹਿਜੀ ਵੀਰਨਾ। (ਭੈਣ-ਭਰਾ)
- ਕਿਹੜੇ ਹੌਸਲੇ ਲੰਮਾਂ ਤੰਦ ਪਾਵਾਂ, ਪੁੱਤ ਤੇਰਾ ਵੈਲੀ ਸੱਸੀਏ। (ਸੱਸ-ਨੂੰਹ)

- ਜੱਗ ਜਿਊਂਣ ਵੱਡੀਆਂ ਭਰਜਾਈਆਂ, ਪਾਣੀ ਮੰਗਾਂ ਦੁੱਧ ਦਿੰਦੀਆਂ। (ਦਿਓਰ-ਭਰਜਾਈਆਂ)
- ਪੁੱਤ ਵੀਰ ਦਾ ਭਤੀਜਾ ਮੇਰਾ, ਭੂਆ ਕਹਿ ਕੇ ਮੱਥਾ ਟੇਕਦਾ। (ਭੂਆ-ਭਤੀਜਾ।
- ਭਾਵੇਂ ਦੇਈ ਨਾ ਦਾਜ ਵਿੱਚ ਗਹਿਣੇ, ਵਿੱਦਿਆ ਪੜ੍ਹਾ ਦੇ ਬਾਬਲਾ। (ਬਾਬਲ-ਧੀ ਤੇ ਮਾਪੇ)
- ਮਾਂਵਾਂ ਨੂੰ ਪੁੱਤ ਐਂ ਮਿਲ਼ਦੇ, ਜਿਉਂ ਸੁੱਕੀਆਂ ਵੇਲਾਂ ਨੂੰ ਪਾਣੀ। (ਮਾਂ-ਪੁੱਤਰ)
- ਚਿੱਟੇ ਚੌਲ਼, ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ। (ਪਤੀ-ਪਤਨੀ)

ਇਹਨਾਂ ਟੱਪਿਆ ਵਿੱਚ ਭੈਣ-ਭਰਾ, ਸੱਸ-ਨੂੰਹ, ਦਿਓਰ-ਭਰਜਾਈ, ਭੂਆ-ਭਤੀਜਾ, ਬਾਬਲ-ਧੀ, ਮਾਪੇ, ਮਾਂ-ਪੁੱਤਰ, ਪਤੀ-ਪਤਨੀ ਆਦਿ ਮਨੁੱਖੀ ਰਿਸਤੇ ਆਏ ਹਨ।

**ਪ੍ਰਸ਼ਨ-23. ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ ਟੱਪਿਆਂ ਵਿੱਚ ਜੀਵਨ ਦਾ ਆਰਥਿਕ ਪੱਖ ਝਲਕਿਆ ਹੈ?**

ਉੱਤਰ- ਪਾਠ-ਪੁਸਤਕ ਵਿੱਚ ਦਿੱਤੇ ਹੇਠ ਲਿਖੇ ਟੱਪਿਆ ਵਿੱਚ ਜੀਵਨ ਦਾ ਆਰਥਿਕ ਪੱਖ ਝਲਕਿਆ ਹੈ?

ਕਿਤੇ ਲਿੱਪਣੇ ਨਾ ਪੈਣ ਬਨੇਰੇ, ਪੱਕਾ ਘਰ ਟੋਲੀ ਬਾਬਲਾ।

ਹਾੜ੍ਹੀ ਵਢੂੰਗੀ ਬਰੈਸ਼ਰ ਤੇਰੇ ਦਾਤੀ ਨੂੰ ਲਵਾ ਦੇ ਘੁੰਗਰੂ

**ਪ੍ਰਸ਼ਨ-24. 'ਪਿੰਡ ਤਾਂ ਸਾਡੇ' ਬੋਲੀ ਦਾ ਰਚਣਹਾਰਾ ਆਪਣੇ ਬਾਰੇ ਕੀ ਕਹਿੰਦਾ ਹੈ?**

ਉੱਤਰ- ਇਸ ਸ਼ੈਲੀ ਵਿੱਚ ਬੋਲੀ ਦਾ ਰਚਣਹਾਰਾ ਆਪਣੇ ਬਾਰੇ ਦੱਸਦਾ ਹੈ ਕਿ ਉਹ ਆਪਣੇ ਪਿੰਡ ਦੇ ਸਾਧ ਦੇ ਡੇਰੇ ਗੁਰਮੁਖੀ ਪੜ੍ਹਦਾ ਹੁੰਦਾ ਸੀ। ਉਹ ਹਰ ਸਮੇਂ ਸਤਿਸੰਗ ਵਿੱਚ ਬੈਠਦਾ ਸੀ ਤੇ ਕਿਸੇ ਮਾੜੇ ਬੰਦੇ ਕੋਲ਼ ਖੜ੍ਹਾ ਵੀ ਨਹੀਂ ਹੁੰਦਾ। ਪਰ ਫਿਰ ਉਸ ਦੇ ਜੀਵਨ ਵਿੱਚ ਪਲਟਾ ਆਇਆ। ਉਸ ਦੇ ਮਨ ਵਿੱਚ ਬੋਲੀਆਂ ਪਾਉਣ ਦੀ ਇੱਛਾ ਪੈਦਾ ਹੋਈ ਤੇ ਉਹ ਗਿੱਧੇ ਵਿੱਚ ਭਾਗ ਲੈਣ ਲੱਗਾ। ਉੱਥੇ ਉਹ ਸ਼ੌਕ ਨਾਲ਼ ਬੋਲੀਆਂ ਪਾਉਂਦਾ ਸੀ ਤੇ ਕਿਸੇ ਤੋਂ ਡਰਦਾ ਨਹੀਂ ਸੀ।

**ਪ੍ਰਸ਼ਨ-25. ਪਿੰਡਾਂ ਵਿੱਚੋਂ ਪਿੰਡ ਸੁਣੀਦਾਂ ਬੋਲੀ ਵਿੱਚ ਕਿਸਾਨ ਦੀ ਕਿਰਤ, ਉਸ ਦੇ ਬਲਦ, ਭਰਪੂਰ ਫ਼ਸਲ ਤੇ ਤਿਉਹਾਰ ਸਾਰੇ ਇੱਕ-ਮਿੱਕ ਹੋਏ ਹਨ। ਦੱਸੋ ਕਿਵੇਂ?**

ਉੱਤਰ- ਇਸ ਬੋਲੀ ਵਿੱਚ ਕਿਸਾਨ ਦੀ ਖੇਤਾਂ ਵਿੱਚ ਕੀਤੀ ਜਾਣ ਵਾਲ਼ੀ ਕਿਰਤ ਦਾ ਜ਼ਿਕਰ ਹੈ। ਉਸ ਨੂੰ ਇਹ ਕਿਰਤ ਬਲ਼ਦਾਂ ਨਾਲ਼ ਕਰਦਾ ਦੱਸਿਆ ਗਿਆ ਹੈ, ਜਿਸ ਸਦਕਾ ਖੇਤਾਂ ਵਿੱਚ ਭਰਪੂਰ ਫ਼ਸਲ ਹੁੰਦੀ ਹੈ। ਭਰਪੂਰ ਫ਼ਸਲ ਲੈ ਕੇ ਉਸ ਦਾ ਧਿਆਨ ਮੁਕਤਸਰ ਦੇ ਮੇਲੇ ਵੱਲ ਜਾਂਦਾ ਹੈ। ਇਸ ਤਰ੍ਹਾਂ ਇਸ ਬੋਲੀ ਵਿੱਚ ਕਿਸਾਨ ਦੀ ਕਿਰਤ, ਉਸ ਦੇ ਬਲ਼ਦ, ਭਰਪੂਰ ਫ਼ਸਲ ਤੇ ਤਿਉਹਾਰ ਸਾਰੇ ਇੱਕ-ਮਿੱਕ ਹੋਏ ਹਨ।

**ਪ੍ਰਸ਼ਨ-26. ਕਾਲ਼ਿਆ ਹਰਨਾਂ ਬੋਲੀ ਵਿੱਚ ਪ੍ਰਕਿਰਤੀ ਦੀਆਂ ਕਿਹੜੀਆਂ ਝਲਕਾਂ ਮਿਲ਼ਦੀਆਂ ਹਨ।**

ਉੱਤਰ- ਇਸ ਬੋਲੀ ਵਿੱਚ ਕਾਲ਼ੇ ਹਿਰਨ ਦੇ ਰੋਹੀਆ ਵਿੱਚ ਫਿਰਨ, ਤਿੱਤਰ, ਮੁਰਗਾਬੀਆਂ, ਖੇਤਾਂ ਵਿੱਚ ਉੱਗੇ ਮੋਠ, ਬਾਜਰੇ, ਖਾਈਆਂ, ਕੁੱਤਿਆ ਦੇ ਮਰੇ ਹੋਏ, ਹਿਰਨ ਦਾ ਮਾਸ ਖਾਣ ਤੇ ਹੱਡੀਆ ਨੂੰ ਮਿੱਟੀ ਵਿੱਚ ਮਿਲ਼ਾ ਦੇਣਾ ਆਦਿ ਪ੍ਰਕਿਰਤੀ ਦੀਆ ਝਲਕਾਂ ਮਿਲ਼ਦੀਆ ਹਨ।

**ਪ੍ਰਸ਼ਨ-27. ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ ਬੋਲੀ ਵਿੱਚ ਵਕਤਾ ਕੌਣ ਹੈ? ਮਹਿੰਦੀ ਬਾਰੇ ਉਸ ਨੇ ਆਪਣਾ ਕਿਹੜਾ ਅਨੁਭਵ ਦੱਸਿਆ ਹੈ?**

ਉੱਤਰ- ਇਸ ਬੋਲੀ ਵਿੱਚ ਵਕਤਾ ਇੱਕ ਮੁਟਿਆਰ ਕੁੜੀ ਹੈ। ਉਸ ਨੂੰ ਇਹ ਅਨੁਭਵ ਹੈ ਕਿ ਹਰ ਮੁਟਿਆਰ ਮਹਿੰਦੀ ਲਾਉਣੀ ਚਾਹੁੰਦੀ ਹੈ। ਇਹ ਬਾਗ਼ਾਂ ਵਿੱਚ ਸਸਤੀ ਮਿਲ਼ਦੀ ਹੈ ਪਰ ਹੱਟੀਆਂ ਉੱਤੇ ਮਹਿੰਗੀ। ਇਸ ਨੂੰ ਕੂੰਡੇ ਘੋਟਣੇ ਨਾਲ਼ ਘੋਟ ਕੇ ਹੱਥਾਂ ਉੱਪਰ ਲਾਇਆ ਜਾਂਦਾ ਹੈ। ਇਹ ਸੁੱਕ ਕੇ ਬੱਤੀਆਂ ਬਣ ਕੇ ਲਹਿੰਦੀ ਹੈ। ਸ਼ਗਨਾਂ ਦੀ ਮਹਿੰਦੀ ਪਾਣੀ ਨਾਲ਼ ਧੋਤੇ ਬਿਨਾਂ ਨਹੀਂ ਲਹਿੰਦੀ।

**ਪ੍ਰਸ਼ਨ-28. 'ਦੇਸ ਮੇਰੇ ਦੇ ਬਾਂਕੇ ਗਭਰੂ' ਬੋਲੀ ਵਿੱਚ ਪੰਜਾਬੀ ਗੱਭਰੂਆਂ ਦੀਆਂ ਕਿਹੜੀਆਂ-ਕਿਹੜੀਆਂ ਸਿਫ਼ਤਾਂ ਕੀਤੀਆਂ ਗਈਆਂ ਹਨ?**

ਉੱਤਰ- ਇਸ ਬੋਲੀ ਨੂੰ ਪੰਜਾਬੀ ਗੱਭਰੂਆਂ ਨੂੰ ਬਾਂਕੇ, ਛਬੀਲੇ, ਨੱਚਦੇ-ਟੱਪਦੇ ਹੋਏ ਗਿੱਧਾ ਪਾਉਣ ਵਾਲ਼ੇ, ਵਾਰਾਂ ਗਾਉਣ ਵਾਲ਼ੇ, ਪ੍ਰੇਮ ਦੀ ਲੜੀ ਵਿੱਚ ਪ੍ਰੋਏ ਹੋਏ ਤੇ ਮੌਤ ਦੀ ਪਰਵਾਹ ਨਾ ਕਰਨ ਵਾਲ਼ੇ ਕਿਹਾ ਗਿਆ ਹੈ।

**ਪ੍ਰਸ਼ਨ-29. 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ ਕਿਸ-ਕਿਸ ਚੀਜ਼ ਦਾ ਜ਼ਿਕਰ ਆਇਆ ਹੈ?**

ਉੱਤਰ- ਇਸ ਬੋਲੀ ਵਿੱਚ ਖੂਹ, ਮੁਟਿਆਰਾਂ, ਪਾਣੀ, ਸੜਕ, ਮੋਟਰਕਾਰਾਂ, ਰੇਲ, ਦੁਨੀਆ, ਕਿੱਕਰ, ਕਾਟੋ, ਬਹਾਰਾਂ, ਨਹਿਰ, ਮੋਘੇ, ਨਾਲ਼ਾਂ, ਜੇਠ, ਗਾਲਾਂ ਤੇ ਬੋਲੀਆਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ-30. 'ਤਾਰਾਂ-ਤਾਰਾਂ-ਤਾਰਾਂ, ਬੋਲੀ ਵਿੱਚ 'ਜਿਊਂਦੀ ਮੈਂ ਮਰ ਗਈਂ' ਤੋਂ ਕੀ ਭਾਵ ਹੈ?**

ਉੱਤਰ- ਜਿਊਂਦੀ ਮੈਂ ਮਰ ਗਈ ਤੋਂ ਭਾਵ ਇੰਨਾ ਸ਼ਰਮਸਾਰ ਹੋਣਾ ਕਿ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਾ ਰਹਿਣਾ।

**ਪ੍ਰਸ਼ਨ-31. ਕੰਨਾਂ ਨੂੰ ਸੋਹਣੇ ਬੂੰਦੇ ਢੋਲੇ ਵਿੱਚ ਨਾਇਕਾ ਦਾ ਚਿਤਰਨ ਕਿਵੇਂ ਕੀਤਾ ਗਿਆ ਹੈ?**

ਉੱਤਰ- ਇਸ ਢੋਲੇ ਵਿੱਚ ਨਾਇਕਾ ਦਾ ਚਿਤਰਨ ਕਰਦਿਆਂ ਦੱਸਿਆ ਗਿਆ ਹੈ ਕਿ ਉਹ ਬਹੁਤ ਹੁਸੀਨ ਹੈ। ਉਸ ਦਾ ਰੰਗ ਗੋਰਾ ਹੈ। ਉਸ ਨੇ ਕੰਨਾਂ ਵਿੱਚ ਸੋਹਣੇ ਬੂੰਦੇ ਪਾਏ ਹੋਏ ਹਨ। ਉਸ ਦੇ ਵਾਲ਼ ਬਹੁਤ ਭਾਰੇ ਹਨ। ਉਸ ਨੇ ਪੈਰਾਂ ਵਿੱਚ ਕਢਾਈ ਵਾਲ਼ੀ ਜੁੱਤੀ ਪਾਈ ਹੋਈ ਹੈ। ਉਹ ਮਰੋੜ ਕੇ ਪੈਰ ਰੱਖਦੀ ਹੋਈ ਤੁਰਦੀ ਹੈ। ਉਸ ਨੇ ਆਪਣੇ ਪ੍ਰੇਮੀ ਨੂੰ ਆਪਣੇ ਹੁਸਨ ਪਿਆਰ ਨਾਲ਼ ਕਮਲਾ ਤੇ ਨਸ਼ਈ ਬਣਾ ਦਿੱਤਾ ਹੈ।

**ਪ੍ਰਸ਼ਨ-32. ਬੁੱਤ ਬਣੌਟਿਆ ਢੋਲੇ ਵਿੱਚ ਨਾਇਕਾ ਦਾ ਬਿਰਹਾ ਵਰਣਨ ਕਿਵੇਂ ਕੀਤਾ ਗਿਆ ਹੈ?**

ਉੱਤਰ- ਇਸ ਢੋਲੇ ਵਿੱਚ ਨਾਇਕਾ ਦੇ ਬਿਰਹਾ ਨੂੰ ਕੁਦਰਤ ਨਾਲ਼ ਜੋੜ ਕੇ ਬਿਆਨ ਕੀਤਾ ਗਿਆ ਹੈ। ਨਾਇਕਾ ਆਪਣੇ ਸੱਜਣ ਦੀ ਓਟ ਵਿੱਚ ਰਹਿਣਾ ਪਸੰਦ ਕਰਦੀ ਹੈ। ਉਸ ਦੇ ਵਿਛੋੜੇ ਪਿੱਛੋਂ ਉਹ ਨਿਰਾਸ਼ ਤੇ ਬੇਵੱਸ ਹੋ ਕੇ ਰਹਿ ਗਈ ਹੈ। ਉਹ ਆਪਣੇ-ਆਪ ਨੂੰ ਅਜਿਹੀ ਘੁੰਮਣ-ਘੇਰੀ ਵਿੱਚ ਅਨੁਭਵ ਕਰਦੀ ਹੈ ਜਿੱਥੇ ਉਸ ਨੂੰ ਨਿਕਲ਼ਨਾ ਅਸੰਭਵ ਜਾਪਦਾ ਹੈ। ਉਸ ਨੂੰ ਚਰਖੇ ਦੇ ਤੱਕਲੇ ਦੀ ਅਵਾਜ਼ ਵੀ ਬੁਰੀ ਤਰ੍ਹਾਂ ਪੀੜ੍ਹ ਵਿੱਚ ਪਿੰਜਦੀ ਹੈ। ਉਹ ਚਾਹੁੰਦੀ ਹੈ ਕਿ ਉਸ ਨੂੰ ਮੌਤ ਆ ਜਾਵੇ। ਉਸ ਨੂੰ ਦੁੱਖ ਹੈ ਕਿ ਉਸ ਨੂੰ ਮੂੰਹ ਮੰਗੀ ਮੌਤ ਵੀ ਨਹੀਂ ਮਿਲ਼ਦੀ। ਉਸ ਨੂੰ ਇਸ ਜਿਊਂਣ ਨਾਲ਼ੋਂ ਮਹੁਰਾ ਪੀ ਕੇ ਮਰਨਾ ਚੰਗਾ ਲੱਗਦਾ ਹੈ। ਉਹ ਚਾਹੁੰਦੀ ਹੈ ਕਿ ਵਣਾਂ ਦੇ ਰੁੱਖਾਂ ਵਿੱਚੋਂ ਹੀ ਉਸ ਦਾ ਸੱਜਣ ਨਿਕਲ਼ ਆਵੇ, ਤਾਂਜੋ ਉਹ ਵੀ ਜਿਊਂਦੀਆਂ ਸਹੇਲੀਆਂ ਵਿੱਚ ਸ਼ਾਮਲ ਹੋ ਸਕੇ।

**ਪ੍ਰਸ਼ਨ-33. 'ਉੱਭੇ ਦੇ ਬੱਦਲ਼' ਢੋਲੇ ਵਿੱਚ ਨਾਇਕਾ ਦੀ ਬੇਵਸੀ ਦਾ ਵਰਣਨ ਕਿਵੇਂ ਕੀਤਾ ਗਿਆ ਹੈ?**

ਉੱਤਰ- ਇਸ ਢੋਲੇ ਵਿੱਚ ਨਾਇਕਾ ਦੀ ਬੇਵਸੀ ਨੂੰ ਪ੍ਰਗਟ ਕਰਨ ਲਈ ਦੱਸਿਆ ਗਿਆ ਹੈ ਕਿ ਉਸ ਦਾ ਪ੍ਰੀਤਮ ਬੇਵਫ਼ਾ ਨਿਕਲ਼ਿਆ ਹੈ, ਜਿਸ ਨੇ ਧੋਖੇ ਨਾਲ਼ ਪਿਆਰ ਦੀ ਨਿਸ਼ਾਨੀ ਵਜੋਂ ਉਸ ਦੇ ਹੱਥਾਂ ਵਿੱਚੋਂ ਛੱਲਾ ਲਾਹਿਆ ਸੀ ਤੇ ਫਿਰ ਉਸ ਨੂੰ ਨਾਲ਼ ਲੈ ਕੇ ਤੁਰਿਆ ਸੀ, ਪਰ ਮਗਰੋਂ ਉਹ ਉਸ ਨੂੰ ਛੱਡ ਕੇ ਤੁਰ ਪਿਆ ਤੇ ਪ੍ਰੇਮਿਕਾ ਦੇ ਅਵਾਜਾਂ ਮਾਰਨ 'ਤੇ ਵੀ ਵਾਪਸ ਨਾ ਮੁੜਿਆ।

**ਪ੍ਰਸ਼ਨ-34. 'ਕੈਲੀਆਂ ਤੇ ਕਾਲ਼ੀਆਂ ਮੱਝਾਂ' ਢੋਲੇ ਵਿੱਚ ਮੱਝਾਂ ਦਾ ਸੁਹੱਪਣ ਕਿਵੇਂ ਦੱਸਿਆ ਗਿਆ ਹੈ?**

ਉੱਤਰ- ਮੱਝਾਂ ਦਾ ਰੰਗ ਭੂਰਾ ਅਤੇ ਕਾਲ਼ਾ ਹੈ। ਉਹ ਇਸ ਤਰ੍ਹਾਂ ਹਨ, ਜਿਵੇਂ ਅੱਲਾ ਨੇ ਅਰਸ਼ਾਂ ਤੋਂ ਲਿਆਂਦੀਆਂ ਹੋਣ।

**ਪ੍ਰਸ਼ਨ-35. 'ਮੱਝੀ ਮਾਲ ਵਰਿਆਮਾਂ ਦਾ, ਮਾੜਿਆਂ ਕੋਲ਼ ਨਾ ਰਹਿੰਦੀਆਂ' ਇਹਨਾਂ ਤੁਕਾਂ ਤੋਂ ਕੀ ਭਾਵ ਹੈ?**

ਉੱਤਰ- ਇਹਨਾਂ ਤੁਕਾਂ ਤੋਂ ਭਾਵ ਹੈ ਕਿ ਮੱਝਾਂ ਨੂੰ ਤਕੜੇ ਅਮੀਰ ਲੋਕ ਹੀ ਰੱਖ ਸਕਦੇ ਹਨ, ਗ਼ਰੀਬ ਨਹੀਂ।

**ਪ੍ਰਸ਼ਨ-36. ਇਸ ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ ਮਾਹੀਏ ਵਿੱਚ ਨਾਇਕਾ ਦੀ ਬੇਵਸੀ ਵਾਲ਼ੀ ਸਥਿਤੀ ਪ੍ਰਗਟ ਹੋਈ** ਹੈ?

ਉੱਤਰ- ਹੇਠ ਲਿਖੇ ਮਾਹੀਏ ਵਿੱਚ ਨਾਇਕਾ ਦੀ ਬੇਵਸੀ ਵਾਲ਼ੀ ਸਥਿਤੀ ਪ੍ਰਗਟ ਹੋਈ ਹੈ

ਭੁੰਨੇ ਹੋਏ ਚੱਬ ਦਾਣੇ

ਅਸਾਂ ਦਿਲ ਦੇ ਛੱਡਿਆ

ਤੇਰੇ ਦਿਲ ਦੀਆਂ ਰੱਬ ਜਾਣੇ।

**ਪ੍ਰਸ਼ਨ-37. ਇਸ ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ- ਕਿਹੜੇ ਮਾਹੀਏ ਵਿੱਚ ਪਰਦੇਸੀ ਸ਼ਬਦ ਆਇਆ ਹੈ? ਆਪਣੇ ਆਪ ਨੂੰ ਪਰਦੇਸੀ ਦੱਸ ਕੇ ਵਕਤਾ ਕੀ ਭਾਵ ਪ੍ਰਗਟ ਕਰਨਾ ਚਾਹੁੰਦਾ ਹੈ?**

ਉੱਤਰ- ਹੇਠ ਲਿਖੇ ਮਾਹੀਆ ਵਿੱਚ ਪਰਦੇਸੀ ਸ਼ਬਦ ਆਇਆ ਹੈ

1. ਰੰਗ ਖੁਰ ਗਿਆ ਖੇਸੀ ਦਾ,
   ਅਸਾਂ ਇੱਥੋਂ ਟੁਰ ਜਾਣਾ,
   ਕੀ ਮਾਣ ਪਰਦੇਸੀ ਦਾ।
2. ਤੁਸੀਂ ਜਗ ਤੋਂ ਨਿਰਾਲੇ ਓ,
   ਅਸੀਂ ਪਰਦੇਸੀ ਹਾਂ,
   ਤੁਸੀਂ ਦੇਸਾਂ ਵਾਲ਼ੇ ਓ।

ਇਹਨਾਂ ਵਿੱਚ ਵਕਤਾ ਆਪਣੇ-ਆਪ ਨੂੰ ਪਰਦੇਸੀ ਦੱਸ ਕੇ ਇਹ ਭਾਵ ਪ੍ਰਗਟ ਕਰਨਾ ਚਾਹੁੰਦਾ ਹੈ ਕਿ ਉਹ ਆਪਣੀ ਸੱਜਣੀ ਕੋਲ਼ ਲੰਮਾ ਸਮਾਂ ਨਹੀਂ ਰਹਿ ਸਕਦਾ, ਕਿਉਂਕਿ ਉਸ ਨੂੰ ਫ਼ੌਜ ਦੀ ਨੌਕਰੀ ਜਾਂ ਰੁਜਗਾਰ ਕਾਰਨ ਪਰਦੇਸ ਵਿੱਚ ਜਾਣਾ ਹੀ ਪੈਣਾ ਹੈ।

**ਪ੍ਰਸ਼ਨ-38. ਇਸ ਪਾਠ-ਪੁਸਤਕ ਵਿੱਚ ਪਰਸਪਰ ਵਫ਼ਾਦਾਰੀ ਦੀ ਮੰਗ ਨੂੰ ਪ੍ਰਗਟ ਕਰਦੇ ਦੋ ਮਾਹੀਏ ਚੁਣੋ ਅਤੇ ਉਹਨਾਂ ਦਾ ਭਾਵ ਵੀ ਦੱਸੋ।**

ਉੱਤਰ- ਪਰਸਪਰ ਵਫ਼ਾਦਾਰੀ ਦੀ ਮੰਗ ਨੂੰ ਪ੍ਰਗਟ ਕਰਦੇ ਮਾਹੀਏ

1. ਸਿਰ ਚੋਟਾਂ ਲੱਗੀਆਂ ਨੀ,
   ਅਸਲ ਨਿਭਾਉਂਦੇ ਨੇ ਨੀਚ ਕਰਦੇ ਠੱਗੀਆਂ ਨੇ।
2. ਭੁੰਨੇ ਹੋਏ ਚੱਬ ਦਾਣੇ,
   ਅਸਾਂ ਦਿਲ ਦੇ ਛੱਡਿਆ,
   ਤੇਰੇ ਦਿਲ ਦੀਆਂ ਰੱਬ ਜਾਣੇ।

ਮਾਹੀਆ ਨੌਕਰੀ ਕਾਰਨ ਪਰਦੇਸ ਵਿੱਚ ਰਹਿੰਦਾ ਹੈ ਪਰ ਪ੍ਰੇਮਿਕਾ ਆਪਣੇ ਘਰ ਵਿੱਚ। ਇਸ ਕਰਕੇ ਦੋਵੇਂ ਵਿਛੜੇ ਹੋਏ ਹਨ। ਭਾਵ- ਪਹਿਲੇ ਮਾਹੀਏ ਵਿੱਚ ਕਿਹਾ ਗਿਆ ਹੈ ਕਿ ਸੱਚੇ ਪ੍ਰੇਮੀ ਪ੍ਰੀਤ ਨੂੰ ਤੋੜ ਨਿਭਾਉਂਦੇ ਹਨ, ਪਰ ਨੀਚ ਧੋਖਾ ਕਰਦੇ ਹਨ।

ਦੂਜੇ ਮਾਹੀਏ ਵਿੱਚ ਸੱਜਣ ਨੂੰ ਪ੍ਰੀਤ ਨਾਇਕਾ ਕਹਿੰਦੀ ਹੈ ਕਿ ਮੈਂ ਤੈਨੂੰ ਆਪਣਾ ਦਿਲ ਦੇ ਦਿੱਤਾ ਹੈ ਪਰ ਤੇਰੇ ਦਿਲ ਵਿੱਚ ਮੇਰੇ ਲਈ ਸੱਚਾ ਪਿਆਰ ਹੈ ਜਾਂ ਨਹੀਂ। ਇਹ ਰੱਬ ਹੀ ਜਾਣਦਾ ਹੈ।

**ਪ੍ਰਸ਼ਨ-39. ਇਸ ਪਾਠ-ਪੁਸਤਕ ਵਿੱਚ ਕੁਝ ਮਾਹੀਏ ਅਜਿਹੇ ਹਨ ਜਿਨ੍ਹਾਂ ਵਿੱਚ ਉਡੀਕਾਂ ਦਾ ਜ਼ਿਕਰ ਆਉਂਦਾ ਹੈ। ਉਹਨਾਂ ਦਾ ਹਵਾਲਾ ਦੇ ਕੇ ਭਾਵ ਲਿਖੋ।**

ਉੱਤਰ- ਉਡੀਕ ਦੇ ਜ਼ਿਕਰ ਵਾਲ਼ੇ ਮਾਹੀਏ-

1. ਮੈਂ ਔਸੀਆਂ ਪਉਂਦੀ ਹਾਂ

ਉਹ ਕਦੋਂ ਘਰ ਆਵੇ, ਬੈਠੀ ਕਾਂਗ ਉਡਾਉਂਦੀ ਆ।

2. ਸ਼ੀਸ਼ੀ ਵਿੱਚ ਤੇਲ ਹੋਸੀ

   ਉਹ ਦਿਨ ਖ਼ੁਸ਼ੀਆਂ ਦੇ, ਜਦੋਂ ਸੱਜਣਾਂ ਦਾ ਮੇਲ਼ ਹੋਸੀ।

3. ਦੋ ਪੱਤਰ ਅਨਾਰਾਂ ਦੇ

   ਸਾਡੀ ਗਲ਼ੀ ਲੰਘ ਮਾਹੀਆ, ਦੁੱਖ ਟੁੱਟਣ ਬਿਮਾਰਾਂ ਦੇ।

ਭਾਵ ਪਹਿਲੇ ਮਾਹੀਏ ਵਿੱਚ ਪ੍ਰੀਤ ਨਾਇਕਾ ਔਸੀਆਂ ਪਾ ਕੇ ਤੇ ਕਾਂ ਉਡਾ ਕੇ ਤੀਬਰਤਾ ਨਾਲ਼ ਸੱਜਣ ਦੀ ਉਡੀਕ ਕਰਦੀ ਹੈ। ਦੂਜੇ ਵਿੱਚ ਪ੍ਰੀਤ ਨਾਇਕਾ ਕਹਿੰਦੀ ਹੈ ਕਿ ਉਸ ਲਈ ਉਹ ਦਿਨ ਖ਼ੁਸ਼ੀਆ ਭਰੇ ਹੋਣਗੇ ਜਦੋਂ ਉਸ ਦਾ ਸੱਜਣ ਨਾਲ਼ ਮੇਲ਼ ਹੋਵੇਗਾ। ਤੀਜੇ ਮਾਹੀਏ ਵਿੱਚ ਪ੍ਰੀਤਮ ਦੇ ਮੇਲ਼ ਨਾਲ਼ ਸਭ ਦੁੱਖ ਦੂਰ ਹੋ ਜਾਂਦੇ ਹਨ।

**ਪ੍ਰਸ਼ਨ-40. ਬੁਝਾਰਤਾਂ ਤੋਂ ਕੀ ਭਾਵ ਹੈ? ਬੁਝਾਰਤਾਂ ਦੀਆਂ ਮੂਲ ਕਿਸਮਾਂ ਬਾਰੇ ਲਿਖੋ।**

**ਉੱਤਰ –** ਬੁਝਾਰਤ ਤੋਂ ਭਾਵ ਬੁੱਝਣ ਯੋਗ ਇਬਾਰਤ ਤੋਂ ਹੈ। ਇਸ ਵਿੱਚ ਜੀਵਨ ਦੇ ਕਿਸੇ ਪੱਖ ਨੂੰ ਸੂਤ੍ਰਿਕ ਸ਼ੈਲੀ ਰਾਹੀਂ ਅੜਾਉਣੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਦੀਆਂ ਮੂਲ ਕਿਸਮਾਂ ਦੋ ਹਨ- ਪਦ (ਕਾਵਿ) ਰੂਪ ਵਿੱਚ ਅਤੇ ਗਦ (ਵਾਰਤਕ) ਰੂਪ ਵਿੱਚ। ਪਦ ਰੂਪ ਵਾਲ਼ੀ ਬੁਝਾਰਤ ਦੀਆ ਸਤਰਾਂ ਦੇ ਅੰਤ ਵਿੱਚ ਤੁਕਾਂਤ ਦਾ ਮੇਲ਼ ਹੁੰਦਾ ਹੈ, ਪਰ ਗਦ ਰੂਪ ਬੁਝਾਰਤਾਂ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ।

## ਪ੍ਰਹਿਲਾਦ ਭਗਤ (ਮਿੱਥ ਕਥਾ)

ਪ੍ਰਹਿਲਾਦ ਮਿੱਥ ਕਥਾ ਦਾ ਬਾਲਕ ਪਾਤਰ ਹੈ ਜੋ ਨੇਕੀ ਦਾ ਪ੍ਰਤੀਕ ਹੈ ਅਤੇ ਹਰਨਾਖਸ਼ ਦਾ ਪੁੱਤਰ ਹੈ। ਹਰਨਾਖਸ਼ ਬਦੀ ਦਾ ਪ੍ਰਤੀਕ ਹੈ। ਬੈਕੁੰਠ ਜਾਂ ਸਵਰਗ ਵਿੱਚ ਹਰਨਾਖਸ਼ ਤੇ ਪਰਨਾਖਸ਼ ਦੋ ਭਰਾ ਰਹਿੰਦੇ ਸਨ। ਦੇਵਤਿਆਂ ਦੇ ਸਰਾਪ ਕਾਰਨ ਇਹਨਾਂ ਨੂੰ ਬੈਕੁੰਠ ਵਿੱਚੋਂ ਨਿਕਲ਼ਨਾ ਪਿਆ। ਪਰਨਾਖਸ਼ ਦੀ ਮੌਤ ਹੋ ਗਈ। ਹਰਨਾਖਸ਼ ਧਰਤੀ ’ਤੇ ਰਾਜ ਕਰਨ ਲੱਗ ਪਿਆ। ਉਸ ਨੇ ਮੌਤ ’ਤੇ ਕਾਬੂ ਪਾਉਣ ਲਈ ਹਿਮਾਲਾ ਪਰਬਤ ’ਤੇ ਜਾ ਕੇ ਬਹੁਤ ਤਪੱਸਿਆ ਕੀਤੀ। ਇਸ ਤਪੱਸਿਆ ਦੇ ਫਲਸਰੂਪ ਜਦੋਂ ਪਰਮਾਤਮਾ ਪ੍ਰਗਟ ਹੋਇਆ ਤਾਂ ਉਸ ਨੇ ਇਹ ਵਰ ਮੰਗੇ , ਮੈਂ ਨਾ ਦਿਨ ਨੂੰ ਮਰਾਂ, ਨਾ ਰਾਤ ਨੂੰ ਮਰਾਂ। ਮੈਂ ਨਾ ਅੰਦਰ ਮਰਾਂ, ਨਾ ਬਾਹਰ ਮਰਾਂ। ਮੈਂ ਨਾ ਧਰਤੀ ’ਤੇ ਮਰਾਂ, ਨਾ ਅਕਾਸ਼ ’ਤੇ ਮਰਾਂ। ਮੈਂ ਨਾ ਬਿਮਾਰੀ ਨਾਲ਼ ਮਰਾਂ, ਨਾ ਹਥਿਆਰ ਨਾਲ਼ ਮਰਾਂ। ਮੈਂ ਨਾ ਮਨੁੱਖ ਤੋਂ ਮਰਾਂ, ਨਾ ਪਸੂ ਤੋਂ ਮਰਾਂ। ਪਰਮਾਤਮਾ ਨੇ ਇਹ ਵਰ ਦਿੱਤੇ। ਹਰਨਾਖਸ਼ ਬੇਖ਼ੌਫ਼ ਹੋ ਕੇ ਰਾਜ ਕਰਨ ਲੱਗਾ। ਹੰਕਾਰ ਵਿੱਚ ਆ ਕੇ ਲੋਕਾਂ ’ਤੇ ਜ਼ੁਲਮ ਕਰਨ ਲੱਗਾ ਤੇ ਪਰਮਾਤਮਾ ਦੀ ਥਾਂ ਕਹਿੰਦਾ ਮੇਰਾ ਨਾਮ ਜਪੋ। ਹਰਨਾਖਸ਼ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ, ਜਿਸਦਾ ਨਾਮ ਪ੍ਰਹਿਲਾਦ ਰੱਖਿਆ ਗਿਆ। ਜਦੋਂ ਉਸ ਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ ਤਾਂ ਪਾਂਧੇ ਨੇ ਹਰਨਾਖਸ਼ ਦਾ ਨਾਂ ਜਪਣ ਲਈ ਕਿਹਾ, ਪਰ ਪ੍ਰਹਿਲਾਦ ਪਰਮਾਤਮਾ ਨੂੰ ਹਰਨਾਖਸ਼ ਤੋਂ ਵੱਡਾ ਮੰਨਦਾ ਸੀ ਤੇ ਉਹ ਪਰਮਾਤਮਾ ਦਾ ਨਾਂ ਜਪਦਾ ਸੀ। ਪਾਂਧੇ ਨੇ ਹਰਨਾਖਸ਼ ਕੋਲ਼ ਸ਼ਿਕਾਇਤ ਕੀਤੀ। ਹਰਨਾਖਸ਼ ਨੇ ਜਦ ਪ੍ਰਹਿਲਾਦ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਪਰਮਾਤਮਾ ਹੀ ਸਰਬ-ਸ਼ਕਤੀਮਾਨ ਹੈ, ਉਸ ਨੇ

ਸਾਰੀ ਦੁਨੀਆ ਪੈਦਾ ਕੀਤੀ ਹੈ। ਹਰਨਾਖਸ਼ ਨੂੰ ਬਹੁਤ ਗ਼ੁੱਸਾ ਆਇਆ। ਪ੍ਰਹਿਲਾਦ ਦੀ ਮਾਂ ਨੇ ਉਸ ਨੂੰ ਸਮਝਾਇਆ ਤੇ ਪਿਤਾ ਦੀ ਸ਼ਕਤੀ ਤੇ ਮਿਲ਼ੇ ਹੋਏ ਵਰ ਬਾਰੇ ਦੱਸਿਆ। ਪ੍ਰਹਿਲਾਦ ਨੇ ਕਿਹਾ ਸਭ ਤੋਂ ਸ਼ਕਤੀਸ਼ਾਲੀ ਪਰਮਾਤਮਾ ਹੈ, ਪਿਤਾ ਜੀ ਨੂੰ ਵੀ ਉਸ ਨੇ ਹੀ ਬਣਾਇਆ ਹੈ। ਹਰਨਾਖਸ਼ ਨੂੰ ਹੋਰ ਗ਼ੁੱਸਾ ਆ ਗਿਆ। ਉਸ ਨੇ ਜੱਲਾਦਾਂ ਨੂੰ ਸੱਦ ਕੇ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਡੋਬ ਕੇ ਮਾਰਨ ਦਾ ਹੁਕਮ ਦਿੱਤਾ। ਜੱਲਾਦਾਂ ਨੇ ਜਦੋਂ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਸੁੱਟਿਆ ਤਾਂ ਇੱਕ ਲਹਿਰ ਨੇ ਮੁੜ ਕਿਨਾਰੇ ਤੇ ਫੇਰ ਸੁੱਟ ਦਿੱਤਾ। ਜੱਲਾਦਾਂ ਨੇ ਸਾਰੀ ਗੱਲ ਆ ਕੇ ਹਰਨਾਖਸ਼ ਨੂੰ ਦੱਸੀ। ਫਿਰ ਹਰਨਾਖਸ਼ ਨੇ ਜੱਲਾਦਾਂ ਨੂੰ ਕਿਹਾ ਕਿ ਉਸ ਨੂੰ ਕਿਸੇ ਪਰਬਤ ਤੋਂ ਥੱਲੇ ਸੁੱਟ ਕੇ ਮਾਰ ਦਿੱਤਾ ਜਾਵੇ, ਪਰ ਪ੍ਰਹਿਲਾਦ ਫਿਰ ਬਚ ਗਿਆ ਕਿ ਉਹ ਪਰਬਤ ਤੋਂ ਸੰਘਣੇ ਰੁੱਖ ਤੇ ਡਿੱਗ ਪਿਆ। ਹਰਨਾਖਸ਼ ਨੇ ਫਿਰ ਪ੍ਰਹਿਲਾਦ ਨੂੰ ਹਾਥੀ ਅੱਗੇ ਸੁੱਟਿਆ ਉਹ ਫਿਰ ਬੱਚ ਗਿਆ। ਹਰਨਾਖਸ਼ ਦੀ ਇਕ ਭੈਣ ਸੀ ਹੋਲਿਕਾ ਜਿਸ ਨੂੰ ਅਗਨੀ ਵਿੱਚ ਨਾ ਸੜਨ ਦਾ ਵਰ ਪ੍ਰਾਪਤ ਸੀ। ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ ਤਾਂਕਿ ਪ੍ਰਹਿਲਾਦ ਮਰ ਜਾਵੇ ਪਰ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਹਰਨਾਖਸ਼ ਗ਼ੁੱਸੇ ਵਿੱਚ ਪਾਗਲ ਹੋ ਗਿਆ। ਉਸ ਨੇ ਇੱਕ ਲੋਹੇ ਦਾ ਥੰਮ੍ਹ ਗਰਮ ਕਰਵਾਇਆ ਤੇ ਪ੍ਰਹਿਲਾਦ ਨੂੰ ਕਿਹਾ ਤੇਰਾ ਪਰਮਾਤਮਾ ਕਿੱਥੇ ਹੈ ਤੇ ਪ੍ਰਹਿਲਾਦ ਨੇ ਕਿਹਾ ਕਣ-ਕਣ ਵਿੱਚ, ਤਾਂ ਹਰਨਾਖਸ਼ ਨੇ ਕਿਹਾ ਜੇ ਪਰਮਾਤਮਾ ਇਸ ਥੰਮ੍ਹ ਵਿੱਚ ਵੀ ਹੈ ਤਾਂ ਇਸ ਨੂੰ ਜੱਫੀ ਪਾ ਲੈ। ਉਸ ਸਮੇਂ ਪ੍ਰਹਿਲਾਦ ਨੂੰ ਥੰਮ੍ਹ ਤੇ ਇੱਕ ਕੀੜੀ ਤੁਰਦੀ ਦਿਸੀ ਤੇ ਉਸ ਨੇ ਬੇਫ਼ਿਕਰ ਹੋ ਕੇ ਥੰਮ੍ਹ ਨੂੰ ਜੱਫੀ ਪਾ ਲਈ। ਹਰਨਾਖਸ਼ ਗ਼ੁੱਸੇ ਵਿੱਚ ਅੰਨ੍ਹਾ ਹੋ ਗਿਆ ਤੇ ਉਸ ਨੇ ਪ੍ਰਹਿਲਾਦ ਤੇ ਵਾਰ ਕੀਤਾ ਤੇ ਤਲਵਾਰ ਥੰਮ੍ਹ ’ਤੇ ਜਾ ਵੱਜੀ ਤੇ ਥੰਮ੍ਹ ਟੁੱਟ ਗਿਆ ਤੇ ਉਸ ਵਿੱਚੋਂ ਨਰ ਸਿੰਘ ਦੇ ਰੂਪ ਵਿੱਚ ਪਰਮਾਤਮਾ ਪ੍ਰਗਟ ਹੋਇਆ। ਪਰਮਾਤਮਾ ਦਾ ਇਹ ਰੂਪ ਅੱਧਾ ਮਨੁੱਖ ਤੇ ਅੱਧਾ ਸ਼ੇਰ ਦਾ ਤੇ ਉਸ ਨੇ ਹਰਨਾਖਸ਼ ਦਾ ਸਿਰ ਆਪਣੇ ਪੱਟਾਂ ਤੇ ਰੱਖ ਲਿਆ ਤੇ ਨਹੁੰਦਰਾਂ ਨਾਲ਼ ਮਾਰ ਦਿੱਤਾ। ਨਰ ਸਿੰਘ ਨੇ ਦੱਸ ਦਿੱਤਾ ਸੀ ਕਿ ਤੈਨੂੰ ਤੇਰੇ ਵਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਮਾਰਿਆ ਜਾ ਰਿਹਾ ਹੈ। ਇਸ ਸਮੇਂ ਨਾ ਦਿਨ ਸੀ ਨਾ ਰਾਤ ਸੀ ਦੋਵੇਂ ਵਕਤ ਮਿਲ਼ਦੇ ਭਾਵ ਸ਼ਾਮ ਦਾ ਸਮਾਂ ਸੀ। ਉਸ ਸਮੇਂ ਉਹ ਨਾ ਧਰਤੀ ’ਤੇ ਸੀ ਨਾ ਅਸਮਾਨ ’ਤੇ ਸੀ ਸਗੋਂ ਨਰ ਸਿੰਘ ਦੇ ਪੱਟਾਂ ਤੇ ਸੀ। ਮਰਨ ਸਮੇਂ ਹਰਨਾਖਸ਼ ਨਾ ਅੰਦਰ ਸੀ ਨਾ ਬਾਹਰ ਸੀ ਸਗੋਂ ਦਹਿਲੀਜ਼ ਤੇ ਸੀ। ਹਰਨਾਖਸ਼ ਦੀ ਮੌਤ ਨਾ ਬਿਮਾਰੀ ਨਾਲ਼ ਹੋਈ ਨਾ ਹਥਿਆਰ ਨਾਲ਼ ਸਗੋਂ ਨਰ ਸਿੰਘ ਦੀਆਂ ਨਹੁੰਦਰਾਂ ਨੇ ਉਸ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਸੀ। ਹਰਨਾਖਸ਼ ਨੂੰ ਮਾਰਨ ਵਾਲ਼ਾ ਨਾ ਮਨੁੱਖੀ ਰੂਪ ਵਿੱਚ ਸੀ ਨਾ ਪਸੂ ਰੂਪ ਵਿੱਚ ਇਸ ਤਰ੍ਹਾ ਹਰਨਾਖਸ਼ ਨੂੰ ਵਰ ਵਿੱਚ ਮਿਲ਼ੀਆਂ ਸ਼ਰਤਾਂ ਵੀ ਬਚਾ ਨਾ ਸਕੀਆਂ। ਪਰਮਾਤਮਾ ਨੇ ਸਾਰੀਆਂ ਗੱਲਾਂ ਪੂਰੀਆਂ ਕਰਦਿਆਂ ਹੋਇਆ ਜ਼ੁਲਮ ਦਾ ਨਾਸ ਕਰਨ ਲਈ ਹਰਨਾਖਸ਼ ਦਾ ਅੰਤ ਕਰ ਦਿੱਤਾ। ਪਿਤਾ ਹਰਨਾਖਸ਼ ਦੀ ਮੌਤ ਤੋਂ ਬਾਅਦ ਪ੍ਰਹਿਲਾਦ ਧਰਤੀ ਤੇ ਰਾਜ ਕਰਨ ਲੱਗਾ। ਉਸ ਦੇ ਰਾਜ ਵਿੱਚ ਸਾਰੇ ਸੁਖੀ ਸਨ।

## ਨੀਲ ਕਮਲ (ਪਰੀ ਕਥਾ)

ਇੱਕ ਸ਼ਹਿਰ ਵਿੱਚ ਇੱਕ ਸੁਦਾਗਰ ਰਹਿੰਦਾ ਸੀ। ਉਹ ਜਦੋਂ ਵਪਾਰ ਲਈ ਘਰੋਂ ਤੁਰਨ ਲੱਗਾ, ਤਾਂ ਉਸ ਦੀ ਪਤਨੀ ਨੇ ਪੁੱਛਿਆ ਕਿ ਉਸ ਦੇ ਘਰੋਂ ਜਾਣ ਪਿੱਛੋਂ ਉਸ ਨੂੰ ਉਸ ਦੀ ਸੁੱਖ-ਸਾਂਦ ਦਾ ਪਤਾ ਕਿਵੇਂ ਲੱਗੇਗਾ। ਸੁਦਾਗਰ ਨੇ ਉਸ ਨੂੰ ਇੱਕ

ਚਮਕਦੀ ਛੁਰੀ ਦੇ ਕੇ ਕਿਹਾ ਕਿ ਜਦੋਂ ਤੱਕ ਇਹ ਇੰਞ ਚਮਕਦੀ ਰਹੇ, ਉਹ ਉਸ ਨੂੰ ਠੀਕ ਸਮਝੇ, ਜਦੋਂ ਕਾਲ਼ੀ ਪੈ ਜਾਵੇ, ਉਹ ਸਮਝ ਲਵੇ ਉਹ ਬਿਮਾਰ ਹੈ ਤੇ ਜਦੋਂ ਇਸ ਉੱਪਰ ਲਹੂ ਸਿੰਮ ਆਵੇ ਤਾਂ ਉਹ ਉਸ ਨੂੰ ਮਰਿਆ ਸਮਝੇ। ਸੁਦਾਗਰ ਦੁਆਰਾ ਪਤਨੀ ਨੂੰ ਉਸ ਦੀ ਸੁੱਖ-ਸਾਂਦ ਦਾ ਚਿੰਨ੍ਹ ਪੁੱਛੇ ਜਾਣ ਤੇ ਉਸ ਨੇ ਤਲਾਅ ਵਿੱਚੋਂ ਨੀਲ ਕਮਲ ਦਾ ਫੁੱਲ ਤੋੜ ਕੇ ਇੱਕ ਕੁੱਜੇ ਵਿੱਚ ਪਾ ਕੇ ਦਿੰਦਿਆਂ ਉਸ ਨੂੰ ਕਿਹਾ ਕਿ, ਜਦੋਂ ਤੱਕ ਉਹ ਖਿੜਿਆ ਰਹੇ, ਉਹ ਉਸ ਨੂੰ ਰਾਜੀ ਖ਼ੁਸ਼ੀ ਸਮਝੇ, ਪਰ ਜਦੋਂ ਉਹ ਮੁਰਝਾ ਜਾਵੇ, ਉਹ ਉਸ ਨੂੰ ਮੁਸੀਬਤ ਵਿੱਚ ਸਮਝੇ। ਸੁਦਾਗਰ ਵਪਾਰ ਲਈ ਹੀਰੇ ਮੋਤੀ ਆਦਿ ਲੈ ਕੇ ਜਦੋਂ ਦੂਜੇ ਦੇਸ ਦੇ ਰਾਜੇ ਕੋਲ਼ ਪੁੱਜਾ। ਹੀਰੇ-ਮੋਤੀ ਦੇਖਦੇ ਰਾਜੇ ਨੂੰ ਕੁੱਜੇ ਵਿੱਚ ਪਾਣੀ ਤੋਂ ਬਿਨਾਂ ਤਾਜ਼ੇ ਪਏ ਕਮਲ ਦੇ ਫੁੱਲ ਨੂੰ ਦੇਖ ਕੇ ਹੈਰਾਨੀ ਹੋਈ। ਜਦੋਂ ਉਸ ਨੂੰ ਪੁੱਛਣ ਤੇ ਸੁਦਾਗਰ ਨੇ ਉਸ ਦੀ ਖ਼ਾਸੀਅਤ ਤੇ ਆਪਣੀ ਪਤਨੀ ਦੇ ਪ੍ਰੇਮ ਬਾਰੇ ਦੱਸਿਆ, ਤਾਂ ਰਾਜੇ ਦੇ ਮਨ ਵਿੱਚ ਉਸ ਸੁੰਦਰ ਤੇ ਗੁਣਵਾਨ ਇਸਤਰੀ ਨੂੰ ਵੇਖਣ ਦੀ ਇੱਛਾ ਪੈਦਾ ਹੋ ਗਈ। ਜਦੋਂ ਰਾਜੇ ਨੇ ਵਜ਼ੀਰ ਨੂੰ ਆਪਣੀ ਇੱਛਾ ਪੂਰੀ ਕਰਨ ਲਈ ਕਿਹਾ ਤਾਂ ਵਜ਼ੀਰ ਨੇ ਇੱਕ ਤਾਂ ਸੁਦਾਗਰ ਨੂੰ ਹੋਰ ਛੇ ਮਹੀਨੇ ਆਪਣੇ ਰਾਜ ਵਿੱਚ ਰਹਿਣ ਲਈ ਮਜ਼ਬੂਰ ਕਰ ਲਿਆ ਤੇ ਦੂਸਰਾ ਉਸ ਨੇ ਦੋ ਫਫੇ ਕੁੱਟਣੀਆਂ ਦੇ ਜ਼ਿੰਮੇ ਸੁਦਾਗਰ ਦੀ ਪਤਨੀ ਨੂੰ ਰਾਜੇ ਕੋਲ਼ ਲਿਆਉਣ ਦਾ ਕੰਮ ਲਾਇਆ। ਅਸੰਭਵ ਕੰਮ ਕਰਨ ਵਿੱਚ ਮਾਹਰ ਸਮਝਣ ਵਾਲ਼ੀਆਂ ਉਹ ਫਫੇ ਕੁੱਟਣੀਆ ਜਦੋਂ ਸੁਦਾਗਰ ਦੇ ਘਰ ਪਹੁੰਚੀਆਂ, ਤਾਂ ਇੱਕ ਨੇ ਸੁਦਾਗਰ ਦੀ ਪਤਨੀ ਨੂੰ ਦੱਸਿਆ ਕਿ ਉਹ ਉਸ ਦੀ ਨਾਨੀ ਦੀ ਭੈਣ ਹੈ ਤੇ ਨਾਲ਼ ਦੀ ਫਫੇ ਕੁੱਟਣੀ ਨੂੰ ਉਸ ਨੇ ਆਪਣੀ ਗੁਆਂਢਣ ਦੱਸਿਆ। ਸੁਦਾਗਰ ਦੀ ਸਿਆਣੀ ਪਤਨੀ ਨੇ ਕਿਹਾ ਕਿ ਉਸ ਨੇ ਉਹਨਾਂ ਨੂੰ ਅੱਗੇ ਕਦੇ ਤਾਂ ਵੇਖਿਆ ਨਹੀਂ, ਤਾਂ ਪਹਿਲੀ ਫਫੇ ਕੁੱਟਣੀ ਬੋਲੀ ਕਿ ਉਹ ਉਦੋਂ ਬਹੁਤ ਛੋਟੀ ਸੀ, ਜਦੋਂ ਉਹ ਤੀਰਥਾਂ ’ਤੇ ਚਲੀਆਂ ਗਈਆਂ ਸਨ ਤੇ ਉਸ ਨੇ ਉਸ ਨੂੰ ਉਸ ਦੇ ਠੋਡੀ ਉੱਪਰਲੇ ਤਿਲ ਤੋਂ ਪਛਾਣਿਆ ਹੈ। ਸੁਦਾਗਰ ਦੀ ਪਤਨੀ ਨੂੰ ਯਕੀਨ ਹੋ ਗਿਆ ਕਿ ਉਹ ਦੋਵੇਂ ਔਰਤਾਂ ਝੂਠੀਆਂ ਹਨ। ਕਿਉਂਕਿ ਉਸ ਨੇ ਉਹ ਤਿਲ ਉਸੇ ਦਿਨ ਸੁਰਮੇ ਨਾਲ਼ ਬਣਾਇਆ ਸੀ। ਪਰ ਉਸ ਨੇ ਹੁਸ਼ਿਆਰੀ ਨਾਲ਼ ਫਫੇ ਕੁੱਟਣੀਆਂ ਦੀ ਪ੍ਰਾਹੁਣਾਚਾਰੀ ਕਰਦਿਆਂ ਉਹਨਾਂ ਨੂੰ ਸਾਗ ਵਿੱਚ ਭੰਗ ਖੁਆ ਦਿੱਤੀ, ਜਿਸ ਦਾ ਨਸ਼ਾ ਚੜ੍ਹਨ ਤੇ ਉਹ ਆਪਣੇ ਮੰਤਵ ਬਾਰੇ ਸੱਚ ਬੋਲਣ ਲੱਗੀਆਂ ਤੇ ਕਹਿਣ ਲੱਗੀਆਂ ਕਿ ਉਹ ਸੁਦਾਗਰ ਦੀ ਪਤਨੀ ਨੂੰ ਲਿਜਾ ਕੇ ਰਾਜੇ ਤੋਂ ਭਾਰੀ ਇਨਾਮ ਪ੍ਰਾਪਤ ਕਰਨਗੀਆਂ। ਜਦੋਂ ਉਹ ਨਸ਼ੇ ਵਿੱਚ ਘੂਕ ਸੌਂ ਗਈਆਂ, ਤਾਂ ਸੁਦਾਗਰ ਦੀ ਪਤਨੀ ਨੇ ਉਹਨਾਂ ਨੂੰ ਮੰਜੇ ਨਾਲ਼ ਬੰਨ੍ਹ ਕੇ ਅੰਦਰਲੇ ਕੋਠੇ ਵਿੱਚ ਬੰਦ ਕਰ ਦਿੱਤਾ। ਉਹ ਉਹਨਾਂ ਨੂੰ ਭੰਗ ਦੇ ਪਕੌੜੇ ਖੁਆਉਂਦੀ ਰਹਿੰਦੀ ਤੇ ਉਹ ਘੂਕ ਸੁੱਤੀਆਂ ਰਹਿੰਦੀਆਂ। ਫਫੇ ਕੁਟਣੀਆਂ ਦੇ ਕਈ ਦਿਨ ਵਾਪਸ ਨਾ ਪਰਤਣ ਤੇ ਰਾਜੇ ਨੇ ਦੋ ਠੱਗਾਂ ਨੂੰ ਸੁਦਾਗਰ ਦੀ ਪਤਨੀ ਨੂੰ ਲਿਆਉਣ ਦਾ ਕੰਮ ਸੌਂਪਿਆ। ਦੋਹਾਂ ਠੱਗਾਂ ਨੇ ਸੁਦਾਗਰ ਦੇ ਭੇਸ ਵਿੱਚ ਸੁਦਾਗਰ ਦੀ ਪਤਨੀ ਕੋਲ਼ ਪਹੁੰਚ ਕੇ ਉਸ ਨੂੰ ਦੱਸਿਆ ਦੇ ਕਿ ਉਸ ਦਾ ਪਤੀ ਬਿਮਾਰੀ ਕਾਰਨ ਮੰਜੇ ਤੋਂ ਉੱਠ ਨਹੀਂ ਸਕਦਾ, ਪਰ ਉਸ ਨੂੰ ਮਿਲ਼ਨ ਲਈ ਤਰਸ ਰਿਹਾ ਹੈ। ਸੁਦਾਗਰ ਦੀ ਪਤਨੀ ਨੇ ਅੰਦਰ ਜਾ ਕੇ ਛੁਰੀ ਨੂੰ ਚਮਕਦਿਆਂ ਦੇਖਿਆ, ਤਾਂ ਉਹ ਸਮਝ ਗਈ ਕਿ ਦੋਵੇਂ ਬੰਦੇ ਝੂਠੇ ਹਨ। ਉਸ ਨੇ ਉਹਨਾਂ ਦੀ ਆਓ-ਭਗਤ ਕਰਦਿਆਂ ਉਹਨਾਂ ਨੂੰ ਭੰਗ ਦੇ ਪਕੌੜੇ ਖੁਆ ਕੇ ਘੂਕ ਸੁਲਾ ਦਿੱਤਾ ਤੇ ਫਿਰ ਉਹਨਾਂ ਨੂੰ ਦੂਸਰੀ ਕੋਠੜੀ ਵਿੱਚ ਡੱਕ ਦਿੱਤਾ। ਕਈ ਦਿਨ ਵਿਅਰਥ ਉਡੀਕ ਕਰਨ ਮਗਰੋਂ ਰਾਜੇ ਨੇ ਵਜ਼ੀਰ ਨਾਲ਼ ਸਲਾਹ ਕੀਤੀ ਤੇ ਦੋਵੇਂ ਸੁਦਾਗਰ ਦੇ ਘਰ ਪੁੱਜੇ। ਸੁਦਾਗਰ ਦੀ ਪਤਨੀ ਨੇ ਬੂਹਾ ਖੋਲ੍ਹਿਆ ਤੇ ਉਹ ਕਹਿਣ ਲੱਗੇ ਕਿ ਉਹ ਸੁਦਾਗਰ ਦੀ ਪਤਨੀ ਨੂੰ ਮਿਲ਼ਨ ਆਏ ਹਨ। ਸੁਦਾਗਰ ਦੀ ਪਤਨੀ ਕਹਿਣ

ਲੱਗੀ ਕਿ ਉਹ ਉਸ ਦੀ ਦਾਸੀ ਹੈ। ਉਹ ਬੈਠ ਕੇ ਭੋਜਨ ਛਕਣ, ਫਿਰ ਮਾਲਕਣ ਨੂੰ ਮਿਲ਼ ਲੈਣ। ਇਸ ਪਿੱਛੋਂ ਉਹ ਉਹਨਾਂ ਨੂੰ ਰੋਟੀ ਖੁਆਣ ਲੱਗੀ ਤੇ ਜਦੋਂ ਵੀ ਕੋਈ ਚੀਜ਼, ਸਬਜ਼ੀ ਜਾਂ ਰੋਟੀ ਆਦਿ ਲੈ ਕੇ ਆਉਂਦੀ, ਭੇਸ ਵਟਾ ਕੇ ਆਉਂਦੀ। ਰਾਜਾ ਤੇ ਵਜ਼ੀਰ ਸਮਝਣ ਲੱਗੇ ਕਿ ਸੁਦਾਗਰ ਦੀ ਪਤਨੀ ਦੀਆਂ ਕਈ ਦਾਸੀਆਂ ਹਨ। ਜਦੋਂ ਉਹ ਤੀਜੀ ਵਾਰੀ ਆਈ ਤਾਂ ਵਜ਼ੀਰ ਉਸ ਨੂੰ ਕਹਿਣ ਲੱਗਾ ਕਿ ਤੁਹਾਡੀਆਂ ਸਭ ਦੀਆਂ ਸ਼ਕਲਾਂ ਬਹੁਤ ਮਿਲ਼ਦੀਆਂ ਹਨ। ਉਹ ਕਹਿਣ ਲੱਗੀ ਕਿ ਉਹ ਤਿੰਨੇ ਭੈਣਾਂ ਸੁਦਾਗਰ ਦੀ ਪਤਨੀ ਦੀਆਂ ਦਾਸੀਆਂ ਹਨ। ਵਜ਼ੀਰ ਕਹਿਣ ਲੱਗਾ ਕਿ ਜੇਕਰ ਉਹ ਸੁਦਾਗਰ ਦੀ ਪਤਨੀ ਨੂੰ ਰਾਜੇ ਦੇ ਮਹਿਲਾਂ ਵਿੱਚ ਲਿਜਾਣ ਵਿੱਚ ਉਹਨਾਂ ਦੀ ਮਦਦ ਕਰੇ, ਤਾਂ ਉਹ ਉਸ ਨੂੰ ਬਹੁਤ ਸਾਰਾ ਇਨਾਮ ਦੇਣਗੇ। ਸੁਦਾਗਰ ਦੀ ਪਤਨੀ ਨੇ ਕਿਹਾ ਕਿ ਇਹ ਕੰਮ ਮੁਸ਼ਕਲ ਨਹੀਂ, ਪਰ ਉਹ ਇੱਕ ਵੱਡਾ ਸਾਰਾ ਡੋਲ਼ਾ ਤਿਆਰ ਕਰਨ, ਜਿਸ ਵਿੱਚ ਮਾਲਕਣ ਤੇ ਉਹ ਤਿੰਨੇ ਬੈਠ ਸਕਣ। ਪਰ ਸ਼ਰਤ ਇਹ ਹੋਵੇਗੀ ਕਿ ਉਹ ਮਹਿਲਾਂ ਤੋਂ ਉਰੇ ਰਾਹ ਵਿੱਚ ਨਾ ਡੋਲ਼ਾ ਰੋਕਣ ਤੇ ਨਾ ਹੀ ਮਾਲਕਣ ਨੂੰ ਬੁਲਾਉਣ। ਵਜ਼ੀਰ ਨੇ ਡੋਲ਼ਾ ਤਿਆਰ ਕਰਵਾ ਲਿਆਂਦਾ। ਸੁਦਾਗਰ ਦੀ ਪਤਨੀ ਨੇ ਡੋਲ਼ਾ ਵਿਹੜੇ ਵਿੱਚ ਰਖਾ ਕੇ ਰਾਜੇ ਤੇ ਵਜ਼ੀਰ ਨੂੰ ਬਾਹਰ ਭੇਜ ਦਿੱਤਾ ਤੇ ਅੰਦਰੋਂ ਦੋਹਾਂ ਫਫੇ ਕੁੱਟਣੀਆਂ ਤੇ ਦੋਹਾਂ ਠੱਗਾਂ ਨੂੰ ਭੰਗ ਦੇ ਪਕੌੜਿਆਂ ਨਾਲ਼ ਬੇਹੋਸ਼ ਕਰ ਕੇ, ਉਹਨਾਂ ਦੇ ਮੂੰਹ-ਸਿਰ ਮੁੰਨ ਕੇ ਕਾਲਖ ਮਲ਼ ਕੇ, ਮੂੰਹ ਤੇ ਹੱਥ-ਪੈਰ ਬੰਨ੍ਹ ਕੇ ਤੇ ਡੋਲ਼ੇ ਵਿੱਚ ਸੁੱਟ ਕੇ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਫਿਰ ਉਸ ਨੇ ਬਾਹਰ ਆ ਕੇ ਰਾਜੇ ਤੇ ਵਜ਼ੀਰ ਨੂੰ ਕਿਹਾ ਕਿ ਉਹ ਡੋਲ਼ੇ ਵਿੱਚ ਬੈਠਣ ਲੱਗੀਆਂ ਹਨ, ਉਹ ਕਹਾਰ ਮੰਗਵਾ ਕੇ ਡੋਲ਼ਾ ਲੈ ਕੇ ਚਲਣ। ਜਦੋਂ ਰਾਜਾ ਤੇ ਵਜ਼ੀਰ ਡੋਲ਼ਾ ਲੈ ਕੇ ਆਪਣੇ ਮਹਿਲਾਂ ਵਿੱਚ ਪੁੱਜੇ, ਤਾਂ ਡੋਲ਼ਾ ਖੋਲ੍ਹ ਕੇ ਦੇਖਿਆ, ਤਾਂ ਉਹ ਫਫੇ ਕੁੱਟਣੀਆਂ ਤੇ ਠੱਗਾਂ ਨੂੰ ਦੇਖ ਕੇ ਹੱਥ ਮਲ਼ਦੇ ਰਹਿ ਗਏ। ਇਸ ਪਿੱਛੋਂ ਵਜ਼ੀਰ ਨੇ ਰਾਜੇ ਨਾਲ਼ ਸਲਾਹ ਕਰਕੇ ਇਕ ਹੋਰ ਚਾਲ ਚੱਲੀ। ਉਸ ਨੇ ਸੁਦਾਗਰ ਨੂੰ ਕਿਹਾ ਕਿ ਰਾਜਾ ਉਸ ਉੱਪਰ ਬਹੁਤ ਖ਼ੁਸ਼ ਹੈ ਤੇ ਉਹ ਉਸ ਨੂੰ ਆਪਣਾ ਮੰਤਰੀ ਬਣਾਉਣਾ ਚਾਹੁੰਦਾ ਹੈ, ਜਿਸ ਕਰਕੇ ਉਸ ਨੂੰ ਹੁਣ ਉੱਥੇ ਹੀ ਰਹਿਣਾ ਪਵੇਗਾ ਤੇ ਉਹ ਆਪਣੀ ਪਤਨੀ ਨੂੰ ਵੀ ਉੱਥੇ ਲੈ ਆਵੇ। ਸੁਦਾਗਰ ਨੇ ਜਦੋਂ ਘਰ ਆ ਕੇ ਆਪਣੀ ਪਤਨੀ ਨੂੰ ਇਹ ਗੱਲ ਦੱਸੀ, ਤਾਂ ਉਸ ਨੇ ਕਿਹਾ ਕਿ ਇਸ ਵਿੱਚ ਰਾਜੇ ਦੀ ਕੋਈ ਚਾਲ ਹੈ, ਪਰ ਉਸ ਦੇ ਸਿਰ ਉੱਤੇ ਮੰਤਰੀ ਬਣਨ ਦਾ ਭੂਤ ਸਵਾਰ ਸੀ, ਜਿਸ ਕਰਕੇ ਉਸ ਨੇ ਇੱਕ ਨਾ ਮੰਨੀ ਤੇ ਪਤਨੀ ਨੂੰ ਲੈ ਕੇ ਰਾਜੇ ਦੇ ਮਹਿਲਾ ਦੇ ਨੇੜੇ ਇਕ ਹਵੇਲੀ ਵਿੱਚ ਆ ਗਿਆ। ਕੁਝ ਦਿਨਾਂ ਮਗਰੋਂ ਰਾਜੇ ਦੀ ਇੱਛਾ ਪੂਰੀ ਕਰਨ ਲਈ ਵਜ਼ੀਰ ਨੇ ਸੁਦਾਗਰ ਨੂੰ ਕਿਹਾ ਕਿ ਰਾਜੇ ਨੂੰ ਇੱਕ ਚੀਜ਼ ਦੀ ਬਹੁਤ ਲੋੜ ਹੈ ਜਿਸ ਦਾ ਨਾਂ 'ਕੁਝ' ਹੈ। ਉਹ ਕਿਤੋਂ ਲੈ ਕੇ ਆਵੇ। ਸੁਦਾਗਰ ਨੂੰ ਗੱਲ ਦੀ ਸਮਝ ਨਾ ਲੱਗੀ, ਪਰ ਜਦੋਂ ਉਸ ਨੇ ਆਪਣੀ ਪਤਨੀ ਨਾਲ਼ ਗੱਲ ਕੀਤੀ ਤਾਂ ਉਹ ਰਾਜੇ ਦੀ ਚਾਲ ਸਮਝ ਗਈ। ਉਸ ਨੇ ਆਪਣੇ ਪਤੀ ਨਾਲ਼ ਮਿਲ਼ ਕੇ ਘਰ ਵਿੱਚ ਦੋ ਟੋਏ ਪੁੱਟੇ। ਇੱਕ ਵਿੱਚ ਗੁੜ ਦਾ ਸੀਰਾ ਭਰ ਦਿੱਤਾ ਤੇ ਦੂਜੇ ਵਿੱਚ ਪੰਛੀਆਂ ਦੇ ਖੰਭ। ਫਿਰ ਉਸ ਨੇ ਆਪਣੇ ਪਤੀ ਨੂੰ ਕਿਹਾ ਕਿ ਉਹ ਬਾਹਰ ਜਾ ਕੇ ਸਭ ਨੂੰ ਦੱਸ ਦੇਵੇ ਕਿ ਉਹ 'ਕੁਝ' ਲੈਣ ਲਈ ਕਿਸੇ ਹੋਰ ਦੇਸ ਜਾ ਰਿਹਾ ਹੈ। ਉਂਝ ਉਹ ਦਿਨ ਭਰ ਬਾਹਰ ਜੰਗਲ਼ ਵਿੱਚ ਰਹਿ ਕੇ ਰਾਤੀਂ ਘਰ ਆ ਕੇ ਸੌਂ ਜਾਇਆ ਕਰੇ। ਪਹਿਲੇ ਹੀ ਦਿਨ ਰਾਜੇ ਨੂੰ ਪਤਾ ਲੱਗ ਗਿਆ ਕਿ ਸੁਦਾਗਰ ਕਿਸੇ ਹੋਰ ਦੇਸ ਨੂੰ ਚਲਾ ਗਿਆ ਹੈ। ਰਾਤ ਨੂੰ ਉਹ ਸੁਦਾਗਰ ਦੇ ਘਰ ਪੁੱਜਾ ਤੇ ਕਹਿਣ ਲੱਗਾ ਕਿ ਉਹ ਉਸ ਦੀ ਸੁੱਖ-ਸਾਂਦ ਪੁੱਛਣ ਆਇਆ ਹੈ। ਸੁਦਾਗਰ ਦੀ ਪਤਨੀ ਨੇ ਉੱਪਰੋਂ ਖ਼ੁਸ਼ੀ ਜ਼ਾਹਿਰ ਕੀਤੀ ਤੇ ਉਸ ਨੂੰ ਪਾਣੀ ਆਦਿ ਪਿਲਾਉਣ ਲੱਗੀ। ਇੰਨੇ ਨੂੰ ਸੁਦਾਗਰ ਨੇ ਦਰਵਾਜਾ ਖੜਕਾ ਕੇ ਕਿਹਾ ਕਿ ਉਹ ਘਰ ਆਪਣੀ ਤਲਵਾਰ ਭੁੱਲ ਗਿਆ

ਸੀ ਇਸ ਕਰ ਕੇ ਮੁੜ ਆਇਆ ਹੈ। ਜਦੋਂ ਸੁਦਾਗਰ ਦੀ ਪਤਨੀ ਬੂਹਾ ਖੋਲ੍ਹਣ ਲੱਗੀ, ਤਾਂ ਰਾਜੇ ਨੇ ਕਿਹਾ ਕਿ ਉਹ ਉਸ ਨੂੰ ਕਿਧਰੇ ਲੁਕਾ ਦੇਵੇ, ਨਹੀਂ ਤਾਂ ਉਸ ਦੀ ਬੜੀ ਬਦਨਾਮੀ ਹੋਵੇਗੀ। ਸੁਦਾਗਰ ਦੀ ਪਤਨੀ ਦੇ ਕਹਿਣ ਉੱਤੇ ਜਦੋਂ ਉਹ ਸ਼ੀਰੇ ਵਾਲ਼ੇ ਟੋਏ ਵਿੱਚ ਵੜਿਆ, ਤਾਂ ਉਸ ਦਾ ਸਰੀਰ ਸੀਰੇ ਨਾਲ਼ ਲਿੱਬੜ ਗਿਆ। ਜਦੋਂ ਉਹ ਘਬਰਾ ਕੇ ਬਾਹਰ ਨਿਕਲ਼ਿਆ ਤਾਂ ਸੁਦਾਗਰ ਦੀ ਪਤਨੀ ਨੇ ਉਸ ਨੂੰ ਖੰਭਾਂ ਵਾਲ਼ੇ ਟੋਏ ਵਿੱਚ ਧੱਕ ਦਿੱਤਾ ਤੇ ਨਾਲ਼ ਹੀ ਦਰਵਾਜ਼ਾ ਖੋਲ੍ਹ ਦਿੱਤਾ। ਉਹ ਆਪਣੇ ਪਤੀ ਨੂੰ ਕਹਿਣ ਲੱਗੀ ਕਿ ਉਸ ਨੂੰ ਬਾਹਰ ਜਾਣ ਦੀ ਲੋੜ ਨਹੀਂ। ਕਿਉਂਕਿ ਕੁਝ ਫੜ ਲਿਆ ਹੈ। ਦੋਹਾਂ ਨੇ ਰਾਜੇ ਨੂੰ ਖੰਭਾਂ ਵਾਲ਼ੇ ਟੋਏ ਵਿੱਚੋਂ ਬਾਹਰ ਕੱਢਿਆ ਸਰੀਰ ਉੱਪਰ ਬਹੁਤ ਸਾਰੇ ਖੰਭ ਚਿੰਬੜੇ ਹੋਣ ਕਰ ਕੇ ਰਾਜਾ ਪਛਾਣ ਨਹੀਂ ਸੀ ਹੁੰਦਾ। ਰਾਜਾ ਵੀ ਡਰ ਦਾ ਮਾਰਿਆ ਨਾ ਬੋਲਿਆ। ਸੁਦਾਗਰ ਦੀ ਪਤਨੀ ਨੇ ਰਾਜੇ ਦੇ ਗਲ਼ ਵਿੱਚ ਰੱਸਾ ਪਾ ਕੇ ਕਿਹਾ ਕਿ ਉਸ ਨੂੰ ਵਜ਼ੀਰ ਦੇ ਹਵਾਲੇ ਕਰ ਆਓ। ਸੁਦਾਗਰ ਨੇ ਇਵੇਂ ਹੀ ਕੀਤਾ ਤੇ ਵਜ਼ੀਰ ਨੂੰ 'ਕੁਝ' ਸੌਂਪ ਕੇ ਆਪ ਘਰ ਆ ਗਿਆ। ਰਾਜਾ ਉੱਚੀ-ਉੱਚੀ ਰੋਣ ਲੱਗ ਪਿਆ। ਵਜੀਰ ਨੇ ਰਾਜੇ ਨੂੰ ਪਛਾਣ ਲਿਆ। ਦੋਹਾਂ ਨੇ ਸੁਦਾਗਰ ਦੀ ਪਤਨੀ ਤੋਂ ਤੋਬਾ ਕੀਤੀ। ਦੂਜੇ ਦਿਨ ਸੁਦਾਗਰ ਨੇ ਰਾਜੇ ਦੇ ਦਰਬਾਰ ਵਿੱਚ ਦੱਸਿਆ ਕਿ ਉਸ ਨੇ ਵਜੀਰ ਨੂੰ 'ਕੁਝ' ਸੌਂਪ ਦਿੱਤਾ ਹੈ। ਰਾਜੇ ਨੇ ਕਿਹਾ ਕਿ ਉਸ ਨੇ 'ਕੁਝ' ਦੇਖ ਲਿਆ ਹੈ। ਉਸ ਨੇ ਸੁਦਾਗਰ ਨੂੰ ਬਹੁਤ ਸਾਰਾ ਧਨ ਦਿੱਤਾ। ਸੁਦਾਗਰ ਨੇ ਰਾਜੇ ਨੂੰ ਕਿਹਾ ਕਿ ਉਹ ਉਸ ਦੇ ਘਰ ਚਰਨ ਪਾਓ। ਵਜ਼ੀਰ ਬੋਲਿਆ ਕਿ ਰਾਜਾ ਸਾਹਿਬ ਨੇ ਕਿਸੇ ਦੇ ਵੀ ਘਰ ਨਾ ਜਾਣ ਦੀ ਕਸਮ ਖਾਧੀ ਹੋਈ ਹੈ।

## ਲਾਲਸਾ ਦੀ ਚੱਕੀ (ਨੀਤੀ ਕਥਾ)

ਇੱਕ ਸ਼ਹਿਰ ਵਿੱਚ ਇੱਕ ਬੰਦਾ ਰਹਿੰਦਾ ਸੀ। ਉਹ ਬੜਾ ਲਾਲਚੀ ਸੀ। ਉਸ ਨੇ ਸੁਣਿਆ ਕਿ ਜੇ ਸਾਧੂ-ਸੰਤਾਂ ਦੀ ਸੇਵਾ ਕਰੀਏ ਤਾਂ ਬੜਾ ਧਨ ਪ੍ਰਾਪਤ ਹੁੰਦਾ ਹੈ। ਇਹ ਸੋਚ ਕੇ ਉਸ ਨੇ ਸਾਧਾਂ-ਸੰਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇੱਕ ਵਾਰ ਦੀ ਗੱਲ ਹੈ ਕਿ ਉਸ ਦੇ ਘਰ ਬੜੀ ਕਰਨੀ ਵਾਲ਼ੇ ਇੱਕ ਸੰਤ ਆਏ। ਉਹਨਾਂ ਨੇ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਨੂੰ ਚਾਰ ਦੀਵੇ ਦਿੱਤੇ ਅਤੇ ਕਿਹਾ, ਇਹਨਾ ਵਿੱਚੋਂ ਇੱਕ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪੈਣਾ। ਜਿੱਥੇ ਦੀਵਾ ਬੁਝ ਜਾਵੇ, ਉੱਥੋਂ ਧਰਤੀ ਪੁੱਟ ਲੈਣਾ, ਉੱਥੋਂ ਤੈਨੂੰ ਕਾਫ਼ੀ ਧਨ ਮਿਲ਼ ਜਾਵੇਗਾ। ਜੇ ਫਿਰ ਤੈਨੂੰ ਦੌਲਤ ਦੀ ਲੋੜ ਪਵੇ ਤਾਂ ਦੂਜਾ ਦੀਵਾ ਬਾਲ਼ ਕੇ ਪੱਛਮ ਵੱਲ ਨੂੰ ਤੁਰ ਪੈਣਾ। ਜਿੱਥੇ ਦੀਵਾ ਬੁਝੇ ਤਾਂ ਉੱਥੇ ਜ਼ਮੀਨ ਪੁੱਟ ਲੈਣਾ, ਤੈਨੂੰ ਮਨ-ਚਾਹੀ ਮਾਇਆ ਮਿਲ਼ੇਗੀ। ਜੇ ਫਿਰ ਵੀ ਸੰਤੁਸ਼ਟੀ ਨਾ ਹੋਵੇ ਤਾਂ ਤੀਜਾ ਦੀਵਾ ਬਾਲ਼ ਕੇ ਦੱਖਣ ਵੱਲ ਨੂੰ ਜਾਣਾ। ਉਸੇ ਤਰ੍ਹਾਂ ਦੀਵਾ ਬੁਝਣ 'ਤੇ ਜਦੋਂ ਤੂੰ ਜ਼ਮੀਨ ਪੁੱਟੇਗਾ ਤਾਂ ਤੈਨੂੰ ਬੇਓੜਕ ਧਨ ਮਿਲ਼ੇਗਾ। ਤਦ ਤੇਰੇ ਕੋਲ਼ ਕੇਵਲ ਇੱਕ ਦੀਵਾ ਬਚ ਜਾਵੇਗਾ ਅਤੇ ਇੱਕ ਉੱਤਰ ਦੀ ਦਿਸ਼ਾ ਰਹਿ ਜਾਵੇਗੀ। ਤੂੰ ਇਹ ਦੀਵਾ ਨਹੀਂ ਬਾਲ਼ਨਾ ਅਤੇ ਨਾ ਹੀ ਇਸ ਨੂੰ ਉੱਤਰ ਵੱਲ ਲੈ ਕੇ ਜਾਣਾ। ਇਹ ਕਹਿ ਕੇ ਸੰਤ ਚਲੇ ਗਏ। ਉਹ ਲਾਲਚੀ ਬੰਦਾ ਉਸੇ ਵੇਲ਼ੇ ਪਹਿਲਾ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪਿਆ। ਦੂਰ ਜੰਗਲ਼ ਵਿੱਚ ਜਾ ਕੇ ਦੀਵਾ ਬੁਝ ਗਿਆ। ਉਹ ਬੰਦੇ ਨੇ ਉਹ ਥਾਂ ਪੁੱਟੀ ਤੇ ਉਸ ਨੂੰ ਪੈਸਿਆਂ ਨਾਲ਼ ਭਰੀ ਇੱਕ ਗਾਗਰ ਮਿਲ਼ੀ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਸੋਚਿਆ ਕਿ ਇਸ ਗਾਗਰ ਨੂੰ ਅਜੇ ਇੱਥੇ ਹੀ ਰਹਿਣ ਦਿੰਦਾ ਹਾਂ, ਫਿਰ ਲੈ ਜਾਵਾਂਗਾ। ਪਹਿਲਾਂ ਮੈਨੂੰ ਛੇਤੀ ਪੱਛਮ ਦਿਸ਼ਾ ਵਾਲ਼ਾ ਧਨ ਵੇਖ ਲੈਣਾ ਚਾਹੀਦਾ ਹੈ। ਇਹ ਸੋਚ ਕੇ ਉਸ ਨੇ ਦੂਜੇ ਦਿਨ ਦੂਜਾ

ਦੀਵਾ ਬਾਲ਼ਿਆ ਤੇ ਪੱਛਮ ਦਿਸ਼ਾ ਵੱਲ ਤੁਰ ਪਿਆ। ਦੂਰ ਇੱਕ ਉਜਾੜ ਥਾਂ ਦੀਵਾ ਜਾ ਬੁਝਿਆ। ਉੱਥੇ ਉਸ ਬੰਦੇ ਨੇ ਧਰਤੀ ਪੁੱਟੀ ਤਾਂ ਸੋਨੇ ਦੀਆਂ ਮੋਹਰਾਂ ਨਾਲ਼ ਭਰਿਆ ਇੱਕ ਘੜਾ ਮਿਲ਼ਿਆ। ਉਸ ਨੇ ਉਸ ਘੜੇ ਨੂੰ ਵੀ ਇਹ ਸੋਚ ਕੇ ਉੱਥੇ ਰਹਿਣ ਦਿੱਤਾ ਕਿ ਪਹਿਲਾਂ ਦੱਖਣ ਵੱਲ ਜਾ ਕੇ ਵੇਖ ਲੈਣਾ ਚਾਹੀਦਾ ਹੈ। ਛੇਤੀ ਤੋਂ ਛੇਤੀ ਵੱਧ ਤੋਂ ਵੱਧ ਧਨ ਪ੍ਰਾਪਤ ਕਰਨ ਲਈ ਉਹ ਬੇਚੈਨ ਹੋ ਗਿਆ ਸੀ। ਅਗਲੇ ਦਿਨ ਉਹ ਦੱਖਣ ਦਿਸ਼ਾ ਵੱਲ ਚੱਲ ਪਿਆ। ਦੀਵਾ ਇੱਕ ਮੈਦਾਨ ਵਿੱਚ ਜਾ ਕੇ ਬੁਝ ਗਿਆ। ਉਸ ਨੇ ਉੱਥੇ ਧਰਤੀ ਪੁੱਟੀ ਤਾਂ ਉਸ ਨੂੰ ਹੀਰੇ-ਮੋਤੀਆਂ ਨਾਲ਼ ਭਰੀਆਂ ਦੋ ਪੇਟੀਆਂ ਨਜ਼ਰ ਆਈਆਂ ਹੀਰੇ ਮੋਤੀਆਂ ਨਾਲ਼ ਭਰੀਆਂ ਪੇਟੀਆਂ ਦੇਖ ਕੇ ਉਸ ਲਾਲਚੀ ਆਦਮੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਤਦ ਉਹ ਸੋਚਣ ਲੱਗਾ ਕਿ ਜੇ ਇਹਨਾਂ ਤਿੰਨਾਂ ਦਿਸ਼ਾਵਾਂ ਵਿੱਚ ਐਨਾ ਧਨ ਪਿਆ ਹੈ ਤਾਂ ਚੌਥੀ ਦਿਸ਼ਾ ਵਿੱਚ ਤਾਂ ਇਸ ਤੋਂ ਵੀ ਵੱਧ ਦੌਲਤ ਹੋਵੇਗੀ। ਫਿਰ ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਸੰਤਾਂ ਨੇ ਤਾਂ ਉਸ ਨੂੰ ਚੌਥੀ ਦਿਸ਼ਾ ਵੱਲ ਜਾਣ ਤੋਂ ਰੋਕਿਆ ਸੀ ਦੂਜੇ ਹੀ ਪਲ ਉਸ ਦੇ ਮਨ ਨੇ ਕਿਹਾ, ਹੋ ਸਕਦਾ ਹੈ ਉਹ ਦੌਲਤ ਸੰਤ ਆਪ ਰੱਖਣੀ ਚਾਹੁੰਦੇ ਹੋਣ। ਮੈਨੂੰ ਛੇਤੀ ਉਸ 'ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਹੋਰ-ਹੋਰ ਧਨ ਪ੍ਰਾਪਤ ਕਰਨ ਦੇ ਲਾਲਚ ਨੇ ਉਸ ਨੂੰ ਸੰਤਾਂ ਦੇ ਬਚਨਾਂ ਬਾਰੇ ਮੁੜ ਸੋਚਣ ਹੀ ਨਾ ਦਿੱਤਾ। ਅਗਲੇ ਦਿਨ ਸਵੇਰੇ ਹੀ ਉਸ ਨੇ ਚੌਥਾ ਦੀਵਾ ਬਾਲ਼ਿਆ ਤੇ ਕਾਹਲ਼ੀ-ਕਾਹਲ਼ੀ ਉੱਤਰ ਦਿਸ਼ਾ ਵੱਲ ਚੱਲ ਪਿਆ। ਦੂਰ ਅੱਗੇ ਇੱਕ ਮਹਿਲ ਕੋਲ਼ ਜਾ ਕੇ ਦੀਵਾ ਬੁਝ ਗਿਆ। ਮਹਿਲ ਦਾ ਦਰਵਾਜਾ ਬੰਦ ਸੀ। ਉਸ ਨੇ ਦਰਵਾਜ਼ੇ ਨੂੰ ਧੱਕਾ ਦਿੱਤਾ ਤਾਂ ਦਰਵਾਜ਼ਾ ਖੁੱਲ੍ਹ ਗਿਆ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਮਨ ਹੀ ਮਨ ਸੋਚਿਆ ਕਿ ਇਹ ਮਹਿਲ ਉਸ ਲਈ ਹੀ ਹੈ। ਉਹ ਹੁਣ ਪਹਿਲੀਆਂ ਤਿੰਨ ਦਿਸ਼ਾਵਾਂ ਵਿੱਚ ਲੱਭੀ ਦੌਲਤ ਨੂੰ ਵੀ ਇੱਥੇ ਲਿਆ ਕੇ ਰੱਖ ਲਵੇਗਾ ਤੇ ਐਸ਼ ਕਰੇਗਾ। ਉਹ ਬੰਦਾ ਮਹਿਲ ਦੇ ਇੱਕ-ਇੱਕ ਕਮਰੇ ਵਿੱਚ ਗਿਆ। ਕੋਈ ਕਮਰਾ ਹੀਰੇ ਮੋਤੀਆਂ ਨਾਲ਼ ਭਰਿਆ ਹੋਇਆ ਸੀ। ਕਿਸੇ ਕਮਰੇ ਵਿੱਚ ਸੋਨੇ ਦੇ ਕੀਮਤੀ ਤੋਂ ਕੀਮਤੀ ਗਹਿਣੇ ਭਰੇ ਪਏ ਸਨ। ਉਸੇ ਤਰ੍ਹਾਂ ਹੋਰ ਕਮਰੇ ਵੀ ਬੇਅੰਤ ਧਨ-ਦੌਲਤ ਨਾਲ਼ ਭਰੇ ਪਏ ਸਨ। ਇਹ ਸਭ ਦੇਖ ਉਹ ਬੰਦਾ ਚਕਾ-ਚੌਂਧ ਹੋਈ ਜਾਂਦਾ ਅਤੇ ਆਪਣੇ ਚੰਗੇ ਭਾਗਾਂ ਨੂੰ ਸਲਾਹੁੰਦਾ ਹੋਇਆ ਜ਼ਰਾ ਹੋਰ ਅੱਗੇ ਵਧਿਆ ਤਾਂ ਉਸ ਨੂੰ ਇੱਕ ਕਮਰੇ ਵਿੱਚ ਚੱਕੀ ਚੱਲਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਉਸ ਕਮਰੇ ਵਿੱਚ ਦਾਖ਼ਲ ਹੋਇਆ ਤਾਂ ਦੇਖਿਆ ਕਿ ਇੱਕ ਬੁੱਢਾ ਆਦਮੀ ਚੱਕੀ ਚਲਾ ਰਿਹਾ ਹੈ। ਲਾਲਚੀ ਬੰਦੇ ਨੇ ਬੁੱਢੇ ਨੂੰ ਕਿਹਾ ਕਿ ਤੂੰ ਇੱਥੇ ਕਿਵੇਂ ਪੁੱਜਾ। ਬੁੱਢੇ ਆਦਮੀ ਨੇ ਕਿਹਾ, ਇੰਜ ਕਰ ਜ਼ਰਾ ਇਹ ਚੱਕੀ ਚਲਾ, ਮੈਂ ਸਾਹ ਲੈ ਕੇ ਤੈਨੂੰ ਦੱਸਦਾ ਹਾਂ। ਲਾਲਚੀ ਬੰਦੇ ਨੇ ਚੱਕੀ ਚਲਾਉਣੀ ਸ਼ੁਰੂ ਕਰ ਦਿੱਤੀ। ਬੁੱਢਾ ਚੱਕੀ ਤੋਂ ਹਟ ਕੇ ਉੱਚੀ-ਉੱਚੀ ਹੱਸਣ ਲੱਗਾ। ਲਾਲਚੀ ਬੰਦਾ ਉਸ ਵੱਲ ਹੈਰਾਨੀ ਨਾਲ਼ ਵੇਖਣ ਲੱਗਾ। ਉਹ ਚੱਕੀ ਬੰਦ ਕਰਨ ਹੀ ਲੱਗਿਆ ਸੀ ਕਿ ਬੁੱਢੇ ਨੇ ਉਸ ਨੂੰ ਖ਼ਬਰਦਾਰ ਕਰਦੇ ਹੋਏ ਕਿਹਾ, ਨਾ, ਨਾ ਚੱਕੀ ਬੰਦ ਨਾ ਕਰੀਂ। ਫਿਰ ਬੁੱਢੇ ਨੇ ਕਿਹਾ, ਇਹ ਮਹਿਲ ਹੁਣ ਤੇਰਾ ਹੈ ਪਰ ਇਹ ਉਤਨੀ ਦੇਰ ਹੀ ਖੜ੍ਹਾ ਰਹੇਗਾ ਜਿਤਨੀ ਦੇਰ ਤੂੰ ਚੱਕੀ ਚਲਾਉਂਦਾ ਰਹੇਗਾ। ਜੇ ਚੱਕੀ ਚੱਲਣੀ ਬੰਦ ਹੋ ਗਈ ਤਾਂ ਮਹਿਲ ਡਿਗ ਪਵੇਗਾ ਤੇ ਤੂੰ ਵੀ ਇਸ ਥੱਲੇ ਦਬ ਕੇ ਮਰ ਜਾਵੇਗਾ। ਕੁਝ ਪਲ ਰੁਕ ਕੇ ਬੁੱਢਾ ਫਿਰ ਕਹਿਣ ਲੱਗਾ, ਮੈਂ ਵੀ ਤੇਰੇ ਵਾਂਗ ਲਾਲਚ ਕਰ ਕੇ ਸੰਤਾਂ ਦੀ ਗੱਲ ਨਹੀਂ ਸੀ ਮੰਨੀ ਤੇ ਮੇਰੀ ਸਾਰੀ ਜਵਾਨੀ ਇਹ ਚੱਕੀ ਚਲਾਉਂਦਿਆਂ ਹੀ ਬੀਤ ਗਈ। ਉਹ ਲਾਲਚੀ ਬੰਦਾ ਬੁੱਢੇ ਦੀ ਗੱਲ ਸੁਣ ਕੇ ਰੋਣ ਲੱਗਿਆ ਤੇ ਪੁੱਛਣ ਲੱਗਾ, "ਮੇਰਾ ਛੁਟਕਾਰਾ ਕਿਵੇਂ ਹੋਵੇਗਾ?" ਤਾਂ ਬੁੱਢੇ ਨੇ ਜਵਾਬ ਦਿੱਤਾ ਕਿ, ਜਦੋਂ ਮੇਰੇ ਤੇ ਤੇਰੇ ਵਾਰਗਾ ਕੋਈ ਹੋਰ ਲਾਲਚੀ ਬੰਦਾ ਲਾਲਚ ਵਿੱਚ ਅੰਨ੍ਹਾ ਹੋਇਆ ਇੱਥੇ

ਆਵੇਗਾ। ਤਦ ਉਸ ਲਾਲਚੀ ਆਦਮੀ ਨੇ ਬੁੱਢੇ ਨੂੰ ਆਖ਼ਰੀ ਸਵਾਲ ਪੁੱਛਿਆ, "ਤੂੰ ਹੁਣ ਬਾਹਰ ਜਾ ਕੇ ਕੀ ਕਹੇਗਾ?" ਤਾਂ ਬੁੱਢੇ ਨੇ ਕਿਹਾ, "ਮੈਂ ਸਭ ਲੋਕਾਂ ਨੂੰ ਉੱਚੀ-ਉੱਚੀ ਕਹਾਂਗਾ- ਲਾਲਚ ਬੁਰੀ ਬਲਾ ਹੈ।"

## ਪੂਰਨ ਭਗਤ (ਦੰਤ-ਕਥਾ)

ਸਿਆਲ਼ਕੋਟ ਦੇ ਰਾਜੇ ਸਲਵਾਨ ਦੀਆਂ ਦੋ ਰਾਣੀਆਂ ਸਨ, ਇਕ ਇੱਛਰਾਂ ਅਤੇ ਦੂਜੀ ਲੂਣਾ। ਰਾਣੀ ਇੱਛਰਾਂ ਦੀ ਕੁੱਖੋਂ ਇੱਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਪੂਰਨ ਰੱਖਿਆ ਗਿਆ। ਕਹਿੰਦੇ ਹਨ ਕਿ ਜੋਤਸੀਆਂ ਨੇ ਰਾਜੇ ਸਲਵਾਨ ਨੂੰ ਵਹਿਮ ਪਾ ਦਿੱਤਾ ਕਿ ਬਾਰ੍ਹਾਂ ਵਰ੍ਹਿਆਂ ਤਕ ਪੁੱਤਰ ਦਾ ਮੂੰਹ ਵੇਖਣਾ ਉਸ ਲਈ ਅਸ਼ੁੱਭ ਹੋਵੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਜੋਤਸ਼ੀਆ ਨੇ ਪੂਰਨ ਨੂੰ ਰਾਜੇ ਤੋਂ ਦੂਰ ਰੱਖਣ ਦੀ ਸਾਜਿਸ਼ ਲੂਣਾ ਨੇ ਘੜੀ ਸੀ। ਫਲਸਰੂਪ ਰਾਜੇ ਸਲਵਾਨ ਨੇ ਪੂਰਨ ਨੂੰ ਬਾਰ੍ਹਾਂ ਵਰ੍ਹਿਆਂ ਤੱਕ ਭੋਰੇ ਵਿੱਚ ਰੱਖਣ ਦਾ ਹੁਕਮ ਦਿੱਤਾ। ਬਾਰ੍ਹਾਂ ਵਰ੍ਹੇ ਬੀਤਣ ਪਿੱਛੋਂ ਪੂਰਨ ਭੋਰਿਓਂ ਨਿਕਲ਼ ਕੇ ਪਿਤਾ ਨੂੰ ਮਿਲ਼ਨ ਲਈ ਗਿਆ। ਪਿਤਾ ਨੇ ਪੂਰਨ ਨੂੰ ਪਿਆਰ ਕੀਤਾ ਤੇ ਆਦੇਸ਼ ਦਿੱਤਾ ਕਿ ਉਹ ਆਪਣੀਆਂ ਮਾਂਵਾਂ ਨੂੰ ਮਿਲ਼ ਕੇ ਆਵੇ। ਪਹਿਲਾਂ ਉਹ ਲੂਣਾ ਦੇ ਮਹਿਲਾਂ ਵਿੱਚ ਜਾਵੇ ਅਤੇ ਫਿਰ ਰਾਣੀ ਇੱਛਰਾਂ ਨੂੰ ਮਿਲ਼ੇ। ਆਪਣੇ ਪਿਤਾ ਦੇ ਹੁਕਮ ਅਨੁਸਾਰ ਲੂਣਾ ਨੂੰ ਪ੍ਰਨਾਮ ਕਰਨ ਗਿਆ, ਪਰ ਜਵਾਨ ਪੂਰਨ ਦੀ ਸੁੰਦਰਤਾ ਨੂੰ ਵੇਖ ਕੇ ਲੂਣਾ ਦੰਗ ਰਹਿ ਗਈ। ਉਹ ਪੂਰਨ ਨੂੰ ਆਪਣੇ ਪੁੱਤਰ ਦੀ ਥਾਂ ਪ੍ਰੇਮੀ ਦੇ ਰੂਪ ਵਿੱਚ ਦੇਖਣ ਲੱਗੀ ਪਰ ਪੂਰਨ ਦੀਆਂ ਨਜ਼ਰਾਂ ਵਿੱਚ ਉਹ ਇੱਕ ਮਾਂ ਸੀ। ਪੂਰਨ ਨਿਰਾਸ਼ ਹੋ ਕੇ ਕਾਹਲ਼ੀ-ਕਾਹਲ਼ੀ ਲੂਣਾ ਦੇ ਮਹਿਲ ਵਿੱਚੋਂ ਨਿਕਲ਼ ਆਇਆ। ਲੂਣਾ ਨੂੰ ਇਸ ਗੱਲੋਂ ਬਹੁਤ ਗ਼ੁੱਸਾ ਆਇਆ ਕਿ ਪੂਰਨ ਨੇ ਉਸ ਦੀ ਇੱਛਾ ਨੂੰ ਠੁਕਰਾ ਦਿੱਤਾ ਹੈ। ਉਸ ਨੇ ਉਸ ਤੋਂ ਬਦਲਾ ਲੈਣ ਦੀ ਠਾਣ ਲਈ। ਉਸ ਨੇ ਆਪਣੇ ਕੱਪੜੇ ਪਾੜ ਕੇ ਵਾਲ਼ ਖਿਲਾਰ ਲਏ ਅਤੇ ਰਾਜੇ ਦੇ ਮਹਿਲਾਂ ਵਿੱਚ ਆਉਣ ਤਕ ਮੰਦਾ ਹਾਲ ਕਰਕੇ ਪੈ ਗਈ। ਰਾਜੇ ਦੁਆਰਾ ਉਸ ਦੇ ਹਾਲੋਂ-ਬੇਹਾਲ ਹੋਣ ਦਾ ਕਾਰਨ ਪੁੱਛਣ 'ਤੇ ਲੂਣਾ ਨੇ ਤੁਹਮਤ ਲਾਉਂਦਿਆਂ ਕਿਹਾ ਕਿ ਪੂਰਨ ਮਾਂ-ਪੁੱਤਰ ਦੇ ਰਿਸ਼ਤੇ ਦਾ ਸਤਿਕਾਰ ਭੁੱਲ ਕੇ ਉਸ ਦੀ ਸੁੰਦਰਤਾ ਵੇਖ ਕੇ ਉਸ 'ਤੇ ਡੁੱਲ ਗਿਆ। ਰਾਜੇ ਸਲਵਾਨ ਨੇ ਲੂਣਾ ਦੀਆਂ ਤੁਹਮਤਾਂ ਨੂੰ ਸੱਚ ਮੰਨ ਕੇ ਤਤਕਾਲ ਪੂਰਨ ਨੂੰ ਸੱਦਿਆ ਤੇ ਬਿਨਾਂ ਉਸ ਦੀ ਗੱਲ ਸੁਣੇ ਜੱਲਾਦਾਂ ਦੇ ਹਵਾਲੇ ਕਰਕੇ ਹੁਕਮ ਦੇ ਦਿੱਤਾ ਕਿ ਉਹ ਪੂਰਨ ਨੂੰ ਮਾਰ ਕੇ ਕਿਸੇ ਖੂਹ ਵਿੱਚ ਸੁੱਟ ਦੇਣ। ਜੱਲਾਦ ਪੂਰਨ ਨੂੰ ਫੜ ਕੇ ਲੈ ਗਏ। ਉਹਨਾਂ ਨੂੰ ਪਤਾ ਸੀ ਕਿ ਪੂਰਨ ਨਿਰਦੋਸ਼ ਹੈ। ਉਹਨਾਂ ਉਸ ਨੂੰ ਜਾਨੋਂ ਮਾਰਨ ਦੀ ਥਾਂ ਉਸ ਦੇ ਹੱਥ ਪੈਰ ਕੱਟ ਉਸ ਨੂੰ ਇਕ ਸੁੱਕੇ ਖੂਹ ਵਿੱਚ ਸੁੱਟ ਦਿੱਤਾ। ਸਬੱਬ ਨਾਲ਼ ਉਸ ਰਾਹੇ ਜੋਗੀ ਗੋਰਖ ਨਾਥ ਅਤੇ ਉਸ ਦੇ ਚੇਲਿਆਂ ਦੀ ਟੋਲੀ ਲੰਘੀ। ਉਹਨਾਂ ਨੇ ਖੂਹ ਵਿੱਚੋਂ ਹਾਏ, ਹਾਏ ਦੀ ਦਰਦ ਭਰੀ ਅਵਾਜ਼ ਸੁਣ ਕੇ ਉਸ ਵਿੱਚ ਪੂਰਨ ਨੂੰ ਵੇਖਿਆ। ਗੁਰੂ ਗੋਰਖ ਨਾਥ ਦੇ ਪੁੱਛਣ 'ਤੇ ਪੂਰਨ ਨੇ ਆਪਣੀ ਸਾਰੀ ਹੱਡ-ਬੀਤੀ ਸੁਣਾਈ। ਗੁਰੂ ਗੋਰਖ ਨਾਥ ਨੇ ਪੂਰਨ ਦਾ ਸੱਚ ਪਰਖਣ ਲਈ ਕੱਚੇ ਸੂਤਰ ਦਾ ਧਾਗਾ ਖੂਹ ਵਿੱਚ ਲਮਕਾਇਆ। ਪੂਰਨ ਕੱਚੇ ਧਾਗੇ ਨੂੰ ਫੜ ਕੇ ਖੂਹ ਵਿੱਚੋਂ ਬਾਹਰ ਆ ਗਿਆ। ਗੁਰੂ ਗੋਰਖ ਨਾਥ ਨੇ ਆਪਣੀ ਸ਼ਕਤੀ ਨਾਲ਼ ਉਸ ਨੂੰ ਨੌਂ-ਬਰ-ਨੌਂ ਕਰ ਦਿੱਤਾ। ਇਸ ਪਿੱਛੋਂ ਪੂਰਨ ਗੁਰੂ ਨਾਥ ਤੋਂ ਜੋਗ ਲੈ ਕੇ ਜੋਗੀ ਬਣ ਗਿਆ। ਗੁਰੂ ਗੋਰਖ ਨਾਥ ਦੇ ਹੋਰ ਚੇਲਿਆਂ ਵਾਂਗ ਪੂਰਨ ਵੀ ਸਮੇਂ-ਸਮੇਂ ਨਗਰਾਂ ਵਿੱਚ ਭਿਖਿਆ ਲੈਣ ਜਾਂਦਾ। ਇੱਕ ਵਾਰੀ ਪੂਰਨ ਰਾਣੀ ਸੁੰਦਰਾਂ ਦੇ ਮਹਿਲੀਂ ਭਿੱਖਿਆ ਮੰਗਣ ਗਿਆ। ਰਾਣੀ ਪੂਰਨ ਦੇ ਰੂਪ ਅਤੇ ਤੇਜ਼ ਨੂੰ ਵੇਖ ਕੇ ਉਸ ਉੱਤੇ ਡੁੱਲ ਗਈ। ਉਸ ਨੇ ਮੋਤੀਆਂ

ਦਾ ਭਰਿਆ ਥਾਲ਼ ਉਸ ਦੀ ਝੋਲ਼ੀ ਪਾ ਦਿੱਤਾ। ਪੂਰਨ ਨੇ ਮੋਤੀ ਗੁਰੂ ਗੋਰਖਨਾਥ ਅੱਗੇ ਢੇਰੀ ਕੀਤੇ। ਗੁਰੂ ਗੋਰਖ ਨਾਥ ਨੇ ਪੂਰਨ ਨੂੰ ਕਿਹਾ ਕਿ ਮੋਤੀ ਉਹਨਾਂ ਦੇ ਕਿਸੇ ਕੰਮ ਨਹੀਂ, ਉਹਨਾਂ ਨੂੰ ਤਾਂ ਕੇਵਲ ਭੋਜਨ ਚਾਹੀਦਾ ਹੈ। ਪੂਰਨ ਮੋਤੀ ਲੈ ਕੇ ਵਾਪਸ ਸੁੰਦਰਾਂ ਦੇ ਮਹਿਲੀ ਜਾ ਪੁੱਜਾ ਤੇ ਉਸ ਤੋਂ ਮੋਤੀਆਂ ਦੀ ਥਾਂ ਭੋਜਨ ਦੀ ਮੰਗ ਕੀਤੀ। ਸੁੰਦਰਾਂ ਖ਼ੂਬ ਪਕਵਾਨ ਬਣਵਾ ਕੇ ਆਪ ਗੋਰਖ ਨਾਥ ਦੇ ਡੇਰੇ ਆ ਪੁੱਜੀ ਤੇ ਬੜੇ ਪਿਆਰ ਨਾਲ਼ ਸਾਰੇ ਜੋਗੀਆ ਨੂੰ ਭੋਜਨ ਛਕਾਇਆ। ਗੋਰਖ ਨਾਥ ਸੁੰਦਰਾਂ ਦੀ ਸ਼ਰਧਾ ਵੇਖ ਕੇ ਤਰੁੱਠ ਪਿਆ ਤੇ ਉਸ ਨੇ ਸੁੰਦਰਾਂ ਦੀ ਮੰਗ ਅਨੁਸਾਰ ਉਸ ਨੂੰ ਪੂਰਨ ਬਖ਼ਸ਼ ਦਿੱਤਾ। ਸੁੰਦਰਾਂ ਖ਼ੁਸ਼ੀ-ਖ਼ੁਸ਼ੀ ਪੂਰਨ ਨੂੰ ਨਾਲ਼ ਲੈ ਕੇ ਆਪਣੇ ਮਹਿਲਾਂ ਵਿੱਚ ਆ ਗਈ। ਪਰ ਪੂਰਨ ਨੂੰ ਸੁੰਦਰਾਂ ਦੇ ਮਹਿਲਾਂ ਕੋਈ ਖ਼ੁਸ਼ੀ ਨਹੀਂ ਸੀ ਮਿਲ਼ ਰਹੀ। ਸੁੰਦਰਾਂ ਨੇ ਪੂਰਨ ਨੂੰ ਕਿਹਾ ਕਿ ਉਹ ਉਸ ਦੇ ਖ਼ੁਸ਼ ਰਹਿਣ ’ਤੇ ਹੀ ਖ਼ੁਸ਼ ਹੋ ਸਕੇਗੀ। ਪੂਰਨ ਨੇ ਸਾਰੇ ਅਡੰਬਰਾਂ ਤੋਂ ਮੁਕਤ ਰਹਿਣ ਦੀ ਆਪਣੀ ਇੱਛਾ ਸੁੰਦਰਾਂ ਨੂੰ ਦੱਸੀ। ਸੁੰਦਰਾਂ ਨੇ ਕੋਈ ਉਜਰ ਨਾ ਕੀਤਾ ਤੇ ਪੂਰਨ ਮੁੜ ਗੁਰੂ ਗੋਰਖ ਨਾਥ ਕੋਲ਼ ਆ ਗਿਆ। ਲੰਮਾ ਸਮਾਂ ਬੀਤਣ ਮਗਰੋਂ ਇੱਕ ਵਾਰੀ ਪੂਰਨ ਜੋਗੀ, ਜੋਕਿ ਇਕ ਭਗਤ ਦੇ ਤੌਰ ’ਤੇ ਪ੍ਰਸਿੱਧ ਹੋ ਚੁੱਕਾ ਸੀ। ਸਿਆਲ਼ਕੋਟ ਵਿੱਚ ਗਿਆ। ਪੂਰਨ ਦੇ ਜਾਣ ਨਾਲ਼ ਰਾਜੇ ਦਾ ਸੁੱਕਾ ਬਾਗ਼ ਹਰਾ ਹੋ ਗਿਆ। ਰਾਣੀ ਇੱਛਰਾਂ ਆਪਣੇ ਪੁੱਤਰ ਦੇ ਵਿਯੋਗ ਵਿੱਚ ਰੋ-ਰੋ ਕੇ ਅੰਨ੍ਹੀਂ ਹੋ ਚੁੱਕੀ ਸੀ। ਉਹ ਪੂਰਨ ਭਗਤ ਦੇ ਦਰਸ਼ਨਾਂ ਲਈ ਆਈ। ਕਿਹਾ ਜਾਂਦਾ ਹੈ ਕਿ ਪੂਰਨ ਦੇ ਬੋਲ ਸੁਣ ਕੇ ਇੱਛਰਾਂ ਨੇ ਉਸ ਨੂੰ ਪਛਾਣ ਲਿਆ ਅਤੇ ਉਸ ਦੀਆਂ ਅੱਖਾਂ ਠੀਕ ਹੋ ਗਈਆਂ। ਉੱਧਰ ਔਲਾਦ ਨਾ ਹੋਣ ਕਰਕੇ ਨਿਰਾਸ਼ ਹੋਈ ਲੂਣਾ ਵੀ ਰਾਜੇ ਸਲਵਾਨ ਨੂੰ ਨਾਲ਼ ਲੈ ਕੇ ਪੂਰਨ ਭਗਤ ਕੋਲ਼ ਆ ਪਹੁੰਚੀ। ਪੂਰਨ ਭਗਤ ਨੇ ਕਿਹਾ ਕਿ ਰਾਜਾ ਸਲਵਾਨ ਦੇ ਇੱਕ ਪੁੱਤਰ ਪਹਿਲਾਂ ਹੈ ਸੀ, ਹੁਣ ਉਹ ਦੁਬਾਰਾ ਪੁੱਤਰ ਮੰਗਣ ਕਿਉਂ ਆਏ ਹਨ? ਹੁਣ ਲੂਣਾ ਨੇ ਆਪਣਾ ਸਾਰਾ ਦੋਸ਼ ਕਬੂਲ ਕਰ ਲਿਆ ਅਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ। ਪੂਰਨ ਨੇ ਲੂਣਾ ਨੂੰ ਚੌਲ਼ਾਂ ਦਾ ਇੱਕ ਦਾਣਾ ਖਾਣ ਲਈ ਦਿੱਤਾ ਤੇ ਅਸ਼ੀਰਵਾਦ ਦਿੱਤਾ ਕਿ ਉਹਨਾਂ ਦੇ ਘਰ ਇੱਕ ਮਹਾਂਬਲੀ ਪੁੱਤਰ ਪੈਦਾ ਹੋਵੇਗਾ। ਪੂਰਨ ਭਗਤ ਦੇ ਇਸ ਵਰ ਸਦਕਾ ਲੂਣਾ ਦੀ ਕੁੱਖੋਂ ਪੁੱਤਰ ਨੇ ਜਨਮ ਲਿਆ। ਜੋ ਪਿੱਛੇ ਰਾਜਾ ਰਸਾਲੂ ਦੇ ਨਾਂ ਨਾਲ਼ ਪ੍ਰਸਿੱਧ ਹੋਇਆ। ਇਸ ਸਮੇਂ ਪੂਰਨ ਭਗਤ ਨੇ ਰਾਜਾ ਸਲਵਾਨ ਨੂੰ ਆਪਣੇ ਬਾਰੇ ਦੱਸ ਦਿੱਤਾ। ਰਾਜਾ ਸਲਵਾਨ ਨੇ ਪੂਰਨ ਨੂੰ ਆਪਣਾ ਰਾਜ ਸੰਭਾਲ਼ਨ ਲਈ ਕਿਹਾ ਪਰ ਉਸ ਨੇ ਨਿਮਰਤਾ ਨਾਲ਼ ਕਿਹਾ ਕਿ ਉਹ ਤਿਆਗੀ ਹੈ ਤੇ ਮਾਇਆ ਦੇ ਬੰਧਨਾਂ ਨਾਲ਼ ਉਸ ਦਾ ਕੋਈ ਮੋਹ ਨਹੀਂ। ਕੁਝ ਦਿਨ ਉੱਥੇ ਰਹਿ ਕੇ ਪੂਰਨ ਅੱਗੇ ਚਲ ਪਿਆ।

### ਹੀਰ–ਰਾਂਝਾ (ਪ੍ਰੀਤ ਕਥਾ)

ਕਹਿੰਦੇ ਹਨ, ਦਰਿਆ ਝਨਾਂ ਦੇ ਕੰਢੇ ਝੰਗ ਸਿਆਲ਼ ਦੇ ਇੱਕ ਸਰਦਾਰ ਮਲਕ ਚੂਚਕ ਦੇ ਘਰ ਇੱਕ ਲੜਕੀ ਪੈਦਾ ਹੋਈ ਜਿਸ ਦਾ ਨਾਂ ਹੀਰ ਰੱਖਿਆ ਗਿਆ। ਖੁੱਲ੍ਹੇ ਮਾਹੌਲ ਅਤੇ ਮਾਪਿਆ ਦੇ ਲਾਡ-ਪਿਆਰ ਵਿੱਚ ਪਲ਼ੀ ਹੀਰ ਏਨੀ ਸੋਹਣੀ ਸੀ ਕਿ ਉਸ ਦੀ ਸੁੰਦਰਤਾ ਦੀਆਂ ਕੰਨਸੋਆਂ ਨੇੜੇ-ਤੇੜੇ ਦੇ ਇਲਾਕੇ ਤੱਕ ਪਹੁੰਚ ਗਈਆਂ। ਇਸੇ ਇਲਾਕੇ ਵਿੱਚ ਤਖ਼ਤ ਹਜ਼ਾਰਾ ਨਾਂ ਦੇ ਪਿੰਡ ਵਿੱਚ ਇੱਕ ਚੌਧਰੀ ਰਹਿੰਦਾ ਸੀ ਜਿਸ ਦੇ ਅੱਠ ਪੁੱਤਰ ਸਨ। ਇਹਨਾ ਵਿੱਚੋਂ ਸਭ ਤੋਂ ਛੋਟਾ ਰਾਂਝਾ ਸੀ। ਉਹ ਅਜੇ ਅਣਵਿਆਹਿਆ ਸੀ। ਪਿਤਾ ਦੀ ਮੌਤ ਤੋਂ ਪਿੱਛੋਂ ਭਰਾਵਾਂ ਵਿੱਚ ਜ਼ਮੀਨ ਦੀ ਵੰਡ-ਵੰਡਾਈ ਉੱਤੇ ਝਗੜਾ ਹੋ ਗਿਆ। ਰਾਂਝੇ ਨੂੰ ਸਭ ਤੋਂ ਮਾੜੀ ਜ਼ਮੀਨ ਦੇ ਦਿੱਤੀ ਗਈ। ਰਾਂਝਾ ਆਪਣੇ ਭਰਾਵਾਂ ਦੇ ਇਸ ਵਿਹਾਰ ਤੋਂ ਦੁਖੀ ਸੀ। ਬਲ਼ਦੀ ਉੱਤੇ

ਭਾਬੀਆਂ ਦੇ ਇਸ ਤਾਹਨੇ ਨੇ ਤੇਲ ਦਾ ਕੰਮ ਕੀਤਾ, "ਜਾਹ ਦੇਖਾਂਗੇ ਜਦੋਂ ਤੂੰ ਸਿਆਲ਼ਾਂ ਦੀ ਹੀਰ ਵਿਆਹ ਲਿਆਵੇਂਗਾ।" ਉਹ ਇਸ ਤੋਂ ਅਤਿਅੰਤ ਨਿਰਾਸ਼ ਹੋ ਕੇ ਆਪਣਾ ਪਿੰਡ ਛੱਡ ਤੇ ਤੁਰ ਪਿਆ। ਅੱਗੇ ਉਸ ਤੇ ਰਾਹ ਵਿੱਚ ਝਨਾਂ ਦਰਿਆ ਪੈਂਦਾ ਸੀ। ਬਿਨਾਂ ਬੇੜੀਆਂ ਤੋਂ ਇਸ ਨੂੰ ਪਾਰ ਕਰਨਾ ਬਹੁਤ ਮੁਸ਼ਕਲ ਸੀ। ਸਬੱਬ ਨੂੰ ਉੱਥੇ ਹੀਰ ਦੀ ਬੇੜੀ ਖੜ੍ਹੀ ਸੀ। ਰਾਂਝਾ ਉਸ ਬੇੜੀ ਵਿੱਚ ਚੜ੍ਹ ਗਿਆ। ਇਸ ਬੇੜੀ ਵਿੱਚ ਹੀਰ ਦਾ ਸੁੰਦਰ ਤੇ ਅਰਾਮਦਾਇਕ ਪਲੰਘ ਵੀ ਸੀ। ਰਾਂਝੇ ਦਾ ਇਸ ਪਲੰਘ ਉੱਤੇ ਲੇਟ ਕੇ ਵੇਖਣ ਨੂੰ ਜੀਅ ਕੀਤਾ। ਉਹ ਸਫ਼ਰ ਕਰ ਕੇ ਏਨਾ ਥੱਕਿਆ ਹੋਇਆ ਸੀ ਕਿ ਪਲੰਘ ਉੱਤੇ ਲੇਟਦਿਆਂ ਹੀ ਉਸ ਨੂੰ ਗੂੜ੍ਹੀ ਨੀਂਦ ਆ ਗਈ। ਉੱਧਰ ਕਿਸੇ ਨੇ ਹੀਰ ਨੂੰ ਜਾ ਦੱਸਿਆ ਕਿ ਉਸ ਦੇ ਪਲੰਘ ਤੇ ਕੋਈ ਅਜਨਬੀ ਸੁੱਤਾ ਹੋਇਆ ਹੈ। ਕਹਿੰਦੇ ਹਨ ਹੀਰ ਭਰੀ-ਪੀਤੀ ਆਪਣੀ ਬੇੜੀ ਕੋਲ਼ ਪਹੁੰਚੀ ਤੇ ਕੜਕਦੀ ਹੋਈ ਰਾਂਝੇ ਨੂੰ ਛਮਕਾਂ ਨਾਲ਼ ਮਾਰਨ ਲੱਗੀ। ਜਿਉਂ ਹੀ ਰਾਂਝੇ ਦੀ ਜਾਗ ਖੁੱਲ੍ਹੀ, ਉਸ ਨੇ ਹੀਰ ਵੱਲ ਉੱਠ ਕੇ ਤੱਕਿਆ। ਇਸ ਪਹਿਲੀ ਤੱਕਣੀ ਵਿੱਚ ਹੀ ਦੋਵੇਂ ਪ੍ਰੇਮ-ਸੰਬੰਧ ਵਿੱਚ ਬੱਝ ਗਏ। ਹੀਰ ਨੇ ਰਾਂਝੇ ਨੂੰ ਆਪਣੇ ਨੇੜੇ ਰੱਖਣ ਲਈ ਆਪਣੇ ਪਿਓ ਕੋਲ਼ ਮੱਝਾਂ ਦੇ ਚਾਰੂ ਵਜੋਂ ਨੌਕਰੀ ਦਿਵਾ ਦਿੱਤੀ। ਹੁਣ ਉਹ ਚੋਰੀ-ਚੋਰੀ ਇੱਕ-ਦੂਜੇ ਨੂੰ ਮਿਲ਼ਦੇ। ਰਾਂਝਾ ਬਾਰ੍ਹਾਂ ਸਾਲ ਹੀਰ ਦੇ ਪਿਓ ਦੀਆਂ ਮੱਝਾਂ ਚਾਰਦਾ ਰਿਹਾ। ਹੌਲ਼ੀ-ਹੌਲ਼ੀ ਉਹਨਾਂ ਦੇ ਆਪਸੀ ਪ੍ਰੇਮ ਦੀ ਚਰਚਾ ਸਾਰੇ ਪਿੰਡ ਵਿੱਚ ਫੈਲ ਗਈ। ਹੀਰ ਦੇ ਪਿਓ ਨੇ ਹੁਸ਼ਿਆਰੀ ਵਰਤ ਕੇ ਹੀਰ ਦਾ ਵਿਆਹ ਰੰਗਪੁਰ ਖੇੜਿਆਂ ਦੇ ਸੈਦੇ ਨਾਲ਼ ਕਰ ਦਿੱਤਾ। ਰਾਂਝਾ ਬੜਾ ਨਿਰਾਸ਼ ਹੋਇਆ। ਰਾਂਝੇ ਨੇ ਹੀਰ ਨੂੰ ਉਹਦੇ ਸਹੁਰੇ ਪਿੰਡ ਜਾ ਕੇ ਮਿਲ਼ਨ ਦੀ ਤਰਕੀਬ ਸੋਚੀ। ਕਿਹਾ ਜਾਂਦਾ ਹੈ ਕਿ ਉਸ ਨੇ ਬਾਲ ਨਾਥ ਨਾਂ ਦੇ ਜੋਗੀ ਤੋਂ ਜੋਗ-ਧਾਰਨ ਕਰ ਲਿਆ ਅਤੇ ਜੋਗੀ ਬਣ ਕੇ ਰੰਗਪੁਰ ਨੂੰ ਤੁਰ ਪਿਆ। ਹੀਰ ਨੂੰ ਆਪਣਾ ਪਤੀ ਸੈਦਾ ਬਿਲਕੁਲ ਹੀ ਪ੍ਰਵਾਨ ਨਹੀਂ ਸੀ। ਉਸ ਦਾ ਇਹ ਵਿਆਹ ਉਸ ਦੀ ਇੱਛਾ ਦੇ ਖ਼ਿਲਾਫ਼ ਹੋਇਆ ਸੀ। ਸਹੁਰੇ ਘਰ ਵਿੱਚ ਉਸ ਦੀ ਇੱਕ ਨਣਾਨ ਸਹਿਤੀ ਸੀ। ਉਹ ਮੁਰਾਦ ਨਾਂ ਦੇ ਕਿਸੇ ਬਲੋਚ ਨੂੰ ਪਿਆਰ ਕਰਦੀ ਸੀ। ਛੇਤੀ ਹੀ ਹੀਰ ਅਤੇ ਸਹਿਤੀ ਇੱਕ-ਦੂਜੇ ਨਾਲ਼ ਆਪਣੇ ਮਨ ਦਾ ਭੇਤ ਸਾਂਝਾ ਕਰਨ ਲੱਗੀਆਂ। ਇਸ ਉਪਰੰਤ ਹੀਰ ਜੋਗੀ ਬਣੇ ਰਾਂਝੇ ਨੂੰ ਸਹਿਤੀ ਰਾਹੀਂ ਮਿਲ਼ਨ ਲੱਗੀ। ਕੁਝ ਸਮੇਂ ਪਿੱਛੋਂ ਸਹਿਤੀ ਦੀ ਸਹਾਇਤਾ ਨਾਲ਼ ਹੀਰ ਤੇ ਰਾਂਝਾ ਰੰਗਪੁਰ ਤੋਂ ਭੱਜ ਗਏ। ਪਤਾ ਲੱਗਣ ਉੱਤੇ ਰੰਗਪੁਰ ਖੇੜਿਆਂ ਦੇ ਬੰਦੇ ਉਹਨਾਂ ਨੂੰ ਫੜਨ ਲਈ ਦੌੜੇ। ਅਖ਼ੀਰ ਨੂੰ ਉਹਨਾਂ ਨੇ ਪਿੱਛਾ ਕਰਦਿਆਂ ਇਸ ਪ੍ਰੇਮੀ-ਜੋੜੀ ਨੂੰ ਫੜ ਲਿਆ। ਤਦ ਇਹ ਮਾਮਲਾ ਕੋਟਕਬੂਲੇ ਦੇ ਕਾਜੀ ਕੋਲ਼ ਗਿਆ। ਉਸ ਨੇ ਦੋਹਾਂ ਧਿਰਾਂ ਨੂੰ ਸੁਣਨ ਪਿੱਛੋਂ ਫ਼ੈਸਲਾ ਹੀਰ-ਰਾਂਝੇ ਦੇ ਹੱਕ ਵਿੱਚ ਕਰ ਦਿੱਤਾ। ਇਕ ਰਵਾਇਤ ਅਨੁਸਾਰ ਇਸ ਪਿੱਛੋਂ ਹੀਰ ਤੇ ਰਾਂਝਾ ਚੂਚਕ ਕੋਲ਼ ਆ ਗਏ। ਫਿਰ ਹੀਰ ਦੇ ਮਾਪਿਆਂ ਦੀ ਸਹਿਮਤੀ ਪਿੱਛੋਂ ਸੁਖੀ-ਸੁਖੀ ਵੱਸਣ ਲੱਗੇ। ਦੂਜੀ ਰਵਾਇਤ ਅਨੁਸਾਰ ਜਦੋਂ ਇਹ ਜੋੜੀ ਹੀਰ ਦੇ ਮਾਪਿਆਂ ਕੋਲ ਪਹੁੰਚੀ ਤਾਂ ਉੱਥੇ ਉਹਨਾਂ ਦੀ ਪ੍ਰੀਤ ਗੁੱਝੀ ਚਾਲ ਦੀ ਸ਼ਿਕਾਰ ਹੋ ਗਈ। ਹੀਰ ਦੇ ਮਾਪਿਆਂ ਨੇ ਮਚਲੇ ਹੋ ਕੇ ਰਾਂਝੇ ਨੂੰ ਕਿਹਾ ਕਿ ਉਹ ਬਾਕਾਇਦਾ ਜੰਞ ਲੈ ਕੇ ਹੀਰ ਨੂੰ ਵਿਆਹ ਕੇ ਲੈ ਜਾਵੇ। ਰਾਂਝਾ ਉਹਨਾਂ ਦੀ ਗੱਲ ਮੰਨ ਕੇ ਆਪਣੇ ਪਿੰਡ ਵਿਆਹ ਦਾ ਪ੍ਰਬੰਧ ਕਰਨ ਲਈ ਚਲਾ ਗਿਆ। ਪਿੱਛੋਂ ਹੀਰ ਦੇ ਮਾਪਿਆਂ ਨੇ ਹੀਰ ਨੂੰ ਮਨ ਘੜ੍ਹਤ ਇਹ ਗੱਲ ਦੱਸੀ ਕਿ ਰਾਂਝੇ ਨੂੰ ਕਿਸੇ ਨੇ ਮਾਰ ਦਿੱਤਾ ਹੈ। ਇਹ ਸੁਣ ਕੇ ਹੀਰ ਬੇਹੋਸ਼ ਹੋ ਗਈ ਤਦ ਹੀਰ ਦੇ ਚਾਚੇ ਕੈਦੋਂ ਨੇ ਉਸ ਨੂੰ ਜ਼ਹਿਰ ਪਿਆ ਦਿੱਤਾ। ਉੱਧਰ ਹੀਰ ਦੀ ਮੌਤ ਦੀ ਖ਼ਬਰ ਸੁਣ ਕੇ ਰਾਂਝੇ ਨੇ ਵੀ ਪ੍ਰਾਣ ਤਿਆਗ ਦਿੱਤੇ।

## ਵਿੱਦਿਅਕ ਵਰ੍ਹਾ: 2025-26 ਨਮੂਨਾ ਪ੍ਰਸ਼ਨ-ਪੱਤਰ

## ਗਿਆਰ੍ਹਵੀਂ (ਪੇਪਰ: ਲਾਜ਼ਮੀ ਪੰਜਾਬੀ)

**ਸਮਾਂ: 3 ਘੰਟੇ** **ਲਿਖਤੀ ਅੰਕ: 80**

**ਕੁੱਲ ਅੰਕ: 100** **ਆਂਤਰਿਕ ਮੁਲਾਂਕਣ: 20**

**ਪ੍ਰਸ਼ਨ-1 ਵਸਤੂਨਿਸ਼ਠ ਪ੍ਰਸ਼ਨ:** **20*1=20**

**ਭਾਗ (ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

ਪ੍ਰ-1. ਬੋਲੀ ਦੀ ਅੰਤਲੀ ਅੱਧੀ ਤੁਕ ਨੂੰ ਕੀ ਕਹਿੰਦੇ ਹਨ?

ਪ੍ਰ-2. ਹੀਰ ਦਾ ਵਿਆਹ ਕਿੱਥੇ ਹੋਇਆ?

ਪ੍ਰ-3 ਸੰਤ ਨੇ ਲਾਲਚੀ ਬੰਦੇ ਨੂੰ ਕਿੰਨੇ ਦੀਵੇ ਦਿੱਤੇ?

ਪ੍ਰ-4. ਬਹੁਤ ਭੀੜ ਹੋਣ ਲਈ ਕਿਹੜਾ ਮੁਹਾਵਰਾ ਢੁਕਵਾਂ ਹੈ?

ਪ੍ਰ-5. 'ਲਾਗਤ ਮੁੱਲ' ਦਾ ਅੰਗਰੇਜ਼ੀ ਰੂਪ ਲਿਖੋ।

**ਭਾਗ (ਅ): ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ:**

ਪ੍ਰ-6 ਰਾਜੇ ਰਸਾਲੂ ਦੀ ਮਾਂ ਦਾ ਕੀ ਨਾਮ ਸੀ?

1. ਚੰਦਨ ਦੇਈ
2. ਲੂਣਾ
3. ਕੋਕਲਾਂ
4. ਸਰੂਪਾ

ਪ੍ਰ-7 ਮੀਰਜ਼ਾਦੇ ਨੇ ਖੂਹ ਵਿੱਚ ਕੀ ਦੇਖਿਆ?

1. ਇੱਕ ਸੱਪ
2. ਇੱਕ ਹੰਸ
3. ਇੱਕ ਅਲੌਕਿਕ ਫੁੱਲ
4. ਇੱਕ ਸੁੰਦਰ ਬਗ਼ੀਚਾ

ਪ੍ਰ-8 ਕਾਲ਼ਾ ਹਿਰਨ ਕਿੱਥੇ ਫਿਰਦਾ ਹੈ?

1. ਰੋਹੀਆਂ ਵਿੱਚ
2. ਕਣਕਾਂ ਵਿੱਚ
3. ਰੇਗਿਸਤਾਨ ਵਿੱਚ
4. ਪਹਾੜਾਂ ਵਿੱਚ

ਪ੍ਰ-9 'Based on facts' ਸ਼ਬਦ ਦਾ ਪੰਜਾਬੀ ਅਰਥ ਕੀ ਹੈ?

1. ਕਮਾਈ ਛੁੱਟੀ
2. ਗਸ਼ਤੀ ਪੱਤਰ
3. ਮਾਲੀ ਸਹਾਇਤਾ
4. ਤੱਥਾਂ 'ਤੇ ਆਧਾਰਿਤ

ਪ੍ਰ-10 'ਕਿਤਾਬੀ ਕੀੜਾ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ?

1. ਹਰ ਵੇਲ਼ੇ ਕਿਤਾਬਾਂ ਪੜ੍ਹਨ ਵਾਲ਼ਾ
2. ਨਿਕੰਮਾ
3. ਵੱਡਾ ਲਿਖਾਰੀ
4. ਕੋਈ ਕੰਮ ਨਾ ਕਰਨਾ

**ਭਾਗ (ੲ) ਸਹੀ ਜਾਂ ਗ਼ਲਤ ਦੀ ਚੋਣ ਕਰੋ:**

ਪ੍ਰ-11 ਰੱਤੇ ਡੋਲੇ ਵਿੱਚ ਲਾੜਾ ਬੈਠ ਕੇ ਆਵੇਗਾ। (ਸਹੀ / ਗ਼ਲਤ)

ਪ੍ਰ-12 ਸੁੰਦਰਾਂ ਨੇ ਮੋਤੀਆਂ ਭਰਿਆ ਥਾਲ਼ ਪੂਰਨ ਦੀ ਝੋਲ਼ੀ ਪਾ ਦਿੱਤਾ। (ਸਹੀ / ਗ਼ਲਤ)

ਪ੍ਰ-13 ਇੱਕ ਕਮਰੇ ਵਿੱਚ ਇੱਕ ਜਵਾਨ ਚੱਕੀ ਚਲਾ ਰਿਹਾ ਸੀ। (ਸਹੀ / ਗ਼ਲਤ)

ਪ੍ਰ-14 'Urgent' ਦਾ ਪੰਜਾਬੀ ਰੂਪ ਜ਼ਰੂਰੀ ਹੈ। (ਸਹੀ / ਗ਼ਲਤ)

ਪ੍ਰ-15 'ਝਾਂਸੇ ਵਿੱਚ ਆਉਣਾ' ਦਾ ਅਰਥ ਬਹੁਤ ਕਾਹਲ਼ਾ ਪੈਣਾ ਹੈ? (ਸਹੀ / ਗ਼ਲਤ)

**ਭਾਗ (ਸ) ਖ਼ਾਲੀ ਥਾਂਵਾਂ ਭਰੋ:**

ਪ੍ਰ-16 "ਅਸਾਂ ਨੇ ਕੀ ਕਰਨੇ ਬੇਬਹਾਰੇ ਕੱਦੂ...............।"

ਪ੍ਰ-17 ਰਾਜਾ ਬਲੂੰਗੜੇ ਨੂੰ ਲੈ ਕੇ ............... ਦੀ ਨਗਰੀ ਵਿੱਚ ਦਾਖ਼ਲ ਹੋ ਗਿਆ।

ਪ੍ਰ-18 ਦੰਤ ਕਥਾ ............ਅਤੇ ਗਲਪ ਦਾ ਸੁਮੇਲ ਹੁੰਦੀ ਹੈ।

ਪ੍ਰ-19 'Minimum' ਸ਼ਬਦ ਦਾ ਸਹੀ ਅਰਥ ............... ਹੈ।

ਪ੍ਰ-20 'ਢੇਰੀ ਢਾਹ ਬਹਿਣਾ' ਦਾ ਅਰਥ ...............ਹੈ।

**2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **3*2=6**

ਉਸ ਰੁੱਖ ਉੱਤੇ ਇੱਕ ਹੰਸ ਤੇ ਹੰਸਣੀ ਰਹਿੰਦੇ ਸਨ। ਉਹ ਸੱਪ ਉਹਨਾਂ ਦੇ ਬੱਚਿਆਂ ਨੂੰ ਮਾਰ ਕੇ ਖਾ ਜਾਂਦਾ ਸੀ। ਜਦੋਂ ਹੰਸ ਤੇ ਹੰਸਣੀ ਨੇ ਮੀਰਜ਼ਾਦੇ ਹੱਥੋਂ ਸੱਪ ਨੂੰ ਮਰਦਿਆਂ ਦੇਖਿਆ ਤਾਂ ਉਹਨਾਂ ਨੂੰ ਸੁੱਖ ਦਾ ਸਾਹ ਆਇਆ। ਉਹਨਾਂ ਮੀਰਜ਼ਾਦੇ ਨੂੰ ਕਿਹਾ, "ਹੇ ਭਲੇ ਪੁਰਸ਼, ਤੂੰ ਸਾਡੇ ਉੱਤੇ ਬੜਾ ਉਪਕਾਰ ਕੀਤਾ ਹੈ। ਸਾਨੂੰ ਦੱਸ ਅਸੀਂ ਤੇਰੀ ਕੀ ਮਦਦ ਕਰੀਏ?" ਮੀਰਜ਼ਾਦੇ ਨੇ ਸਬਜ਼ਪਰੀ ਨਾਲ਼ ਵਿਆਹ ਕਰਵਾਉਣ ਵਾਲ਼ੀ ਗੱਲ ਹੰਸ ਜੋੜੇ ਨੂੰ ਦੱਸੀ।

ਪ੍ਰਸ਼ਨ 1. ਉਪਰੋਕਤ ਪੈਰਾ ਕਿਸ ਕਥਾ ਵਿੱਚੋਂ ਲਿਆ ਗਿਆ ਹੈ ਅਤੇ ਕਥਾ ਦੀ ਵੰਨਗੀ ਕਿਹੜੀ ਹੈ?

ਪ੍ਰਸ਼ਨ 2. ਰੁੱਖ ਉੱਪਰ ਕੌਣ-ਕੌਣ ਰਹਿੰਦਾ ਸੀ?

ਪ੍ਰਸ਼ਨ 3. ਮੀਰਜ਼ਾਦੇ ਨੇ ਕਿਹੜੀ ਗੱਲ ਹੰਸ ਜੋੜੇ ਨੂੰ ਦੱਸੀ?

**3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦੇ ਉੱਤਰ ਲਿਖੋ:** **4*3=12 ਅੰਕ**

(ੳ) 'ਅੱਸੂ ਦਾ ਕਾਜ ਰਚਾ' ਵਿੱਚ ਅੱਸੂ ਦੇ ਮਹੀਨੇ ਤੇ ਜ਼ੋਰ ਕਿਉਂ ਦਿੱਤਾ ਗਿਆ ਹੈ?

(ਅ) 'ਮੀਆਂ ਰਾਂਝਾ' ਢੋਲੇ ਵਿੱਚ ਰਾਂਝੇ ਦੇ ਭਰਾਵਾਂ ਨੇ ਕੀ ਕਿਹਾ?

(ੲ) ਨਿੱਕੀ-ਨਿੱਕੀ ਬੂੰਦੀ ਨਾਂ ਦੀ ਘੋੜੀ ਵਿੱਚ ਮੁੰਡੇ ਦੀ ਭੈਣ ਤੇ ਭਰਜਾਈ ਕੀ-ਕੀ ਰਸਮਾਂ ਕਰਦੀਆਂ ਹਨ?

(ਸ) ਕਿਹੜੇ ਮਾਹੀਏ ਵਿੱਚ ਨਾਇਕਾ ਦੀ ਬੇਬਸੀ ਵਾਲ਼ੀ ਸਥਿਤੀ ਪ੍ਰਗਟ ਹੋਈ ਹੈ?

(ਹ) ਬੁਝਾਰਤਾਂ ਬੁੱਝਣ ਅਤੇ ਪੁੱਛਣ ਦਾ ਸਮਾਂ ਕਿਹੜਾ ਹੈ?

(ਕ) ਸਿੱਠਣੀਆਂ ਵਿੱਚ ਕਿਹੜੇ-ਕਿਹੜੇ ਪ੍ਰਕਿਰਤਿਕ ਹਵਾਲੇ ਮਿਲ਼ਦੇ ਹਨ?

(ਖ) ਟੱਪੇ ਕਿਸ ਨੂੰ ਕਹਿੰਦੇ ਹਨ?

(ਗ) 'ਪਿੰਡ ਤਾਂ ਸਾਡੇ' ਬੋਲੀ ਵਿੱਚ ਰਚਨਹਾਰ ਆਪਣੇ ਬਾਰੇ ਕੀ ਕਹਿੰਦਾ ਹੈ?

**4. ਹੇਠ ਲਿਖੀਆਂ ਕਥਾਵਾਂ ਵਿੱਚੋਂ ਕਿਸੇ ਇੱਕ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ: 06**

(1) ਨਲ ਦਮਿਅੰਤੀ (2) ਦੁੱਲਾ ਭੱਟੀ।

**5. (ੳ) ਕਿਸੇ ਅੱਠ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 4+6=10**

ADULT, CASHIER, FILE, POST, REFUND, SERVICE, TRUE COPY, OFFICE ORDER, INCREMENT, NOMINATED.

**(ਅ) ਕਿਸੇ ਛੇ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:**

1) Payment can be made in cash or by check.
2) Nowadays, vehicle insurance is also necessary.
3) Beware of pick-pockets.
4) Computer is an electronic device.
5) Crossing, the railway track is prohibited.
6) Interest upon deposit ceases from the dates of maturity.
7) Smoking is injurious to health.
8) It's better to have a joint account in the bank

**6.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ 'ਨਸ਼ਿਆਂ ਦੀ ਸਮੱਸਿਆ' ਬਾਰੇ ਪੱਤਰ ਲਿਖੋ। **2+4+1=7**

**ਜਾਂ**

'ਅਸ਼ਲੀਲ ਗੀਤਾਂ ਦੀ ਸਮੱਸਿਆ' ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖੋ।

**7.** ਅਖ਼ਬਾਰ ਵਿੱਚ 'ਕੰਨਿਆ ਦੀ ਲੋੜ' ਲਈ ਇਸ਼ਤਿਹਾਰ ਲਿਖੋ। **05**

**ਜਾਂ**

'ਪੁਸਤਕ ਮੇਲੇ' ਸੰਬੰਧੀ ਸੱਦਾ-ਪੱਤਰ ਲਿਖੋ।

**8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਲਿਖੋ: 06**

(1) ਚੰਗੀ ਬੋਲ-ਚਾਲ (2) ਵਾਤਾਵਰਨ ਦੀ ਸੰਭਾਲ਼ਲ਼ (3) ਸਫ਼ਾਈ

**9. ਕਿਸੇ ਚਾਰ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ: 4*2=8**

ਅੱਖਾਂ 'ਤੇ ਬਿਠਾਉਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣੀ, ਖ਼ੂਨ ਸਫ਼ੈਦ ਹੋਣਾ, ਘਿਓ ਸੱਕਰ ਹੋਣਾ, ਛਾਂਈਂ-ਮਾਂਈ ਹੋ ਜਾਣਾ, ਟਕੇ ਵਰਗਾ ਜਵਾਬ ਦੇਣਾ, ਜੀਭ ਤੇ ਜਿੰਦਰਾ ਲਾਉਣਾ।

## ਵਿੱਦਿਅਕ ਵਰ੍ਹਾ: 2025-26 ਨਮੂਨਾ ਪ੍ਰਸ਼ਨ-ਪੱਤਰ

## ਗਿਆਰ੍ਹਵੀਂ (ਪੇਪਰ: ਲਾਜ਼ਮੀ ਪੰਜਾਬੀ)

**ਸਮਾਂ: 3 ਘੰਟੇ** **ਲਿਖਤੀ ਅੰਕ: 80**

**ਕੁੱਲ ਅੰਕ: 100** **ਆਂਤਰਿਕ ਮੁਲਾਂਕਣ: 20**

**ਪ੍ਰਸ਼ਨ-1 ਵਸਤੂਨਿਸ਼ਠ ਪ੍ਰਸ਼ਨ:** **20*1=20**

**ਭਾਗ (ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

ਪ੍ਰ-1. ਕੌਣ-ਕੌਣ ਧੀ ਦੇ ਵਿਆਹ ਦੇ ਫ਼ਿਕਰ ਕਾਰਨ ਰੋਂਦੇ ਹਨ?

ਪ੍ਰ-2. ਹੰਸ ਸਬਜ਼ ਪਰੀ ਨੂੰ ਕਿਸ ਤਰ੍ਹਾਂ ਮਿਲਿਆ?

ਪ੍ਰ-3 ਪੂਰਨ ਨੂੰ ਕਿਹੜੀ ਰਾਣੀ ਗੋਰਖ ਨਾਥ ਕੋਲ਼ੋਂ ਲੈ ਗਈ?

ਪ੍ਰ-4. AMOUNT ਦਾ ਪੰਜਾਬੀ ਰੂਪ ਲਿਖੋ?

ਪ੍ਰ-5. ਕੱਖ ਭੰਨ ਕੇ ________ ਮੁਹਾਵਰਾ ਪੂਰਾ ਕਰੋ।

**ਭਾਗ (ਅ): ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ:**

ਪ੍ਰ-6 ਸਾਡੇ ਪਿੰਡ ਦੇ ਮੁੰਡੇ ਦੇਖ ਲਓ ਲੋਕ-ਗੀਤ ਦਾ ਰੂਪ ਕੀ ਹੈ?

1. ਟੱਪਾ 2. ਸਿੱਠਣੀ

3. ਲੰਮੀ ਬੋਲੀ 4. ਘੋੜੀ

ਪ੍ਰ-7 ਮੀਰਜ਼ਾਦੇ ਨੂੰ ਬਾਗ਼ ਦੇ ਖੂਹ ਨੇੜੇ ਕੀ ਦਿਸਿਆ?

1. ਇੱਕ ਸੱਪ 2. ਇੱਕ ਹੰਸ

3. ਇੱਕ ਅਲੌਕਿਕ ਫੁੱਲ 4. ਇੱਕ ਸੁੰਦਰ ਬਗ਼ੀਚਾ

ਪ੍ਰ-8 ਹੇਠ ਲਿਖਿਆਂ ਵਿੱਚੋਂ ਦੰਤ ਕਥਾ ਕਿਹੜੀ ਹੈ?

1. ਲਾਲਸਾ ਦੀ ਚੱਕੀ 2. ਨਲ ਦਮਅੰਤੀ

3. ਪ੍ਰਹਿਲਾਦ ਭਗਤ 4. ਪੂਰਨ ਭਗਤ

ਪ੍ਰ-9 'Unit' ਸ਼ਬਦ ਦਾ ਪੰਜਾਬੀ ਅਰਥ ਕੀ ਹੈ?

1. ਕਬੀਲਾ 2. ਮਤਾ

3. ਇਕਾਈ 4. ਤਣਾਅ

ਪ੍ਰ-10 'ਧਨ ਮੁੱਕ ਜਾਣਾ' ਦਾ ਢੁਕਵਾਂ ਮੁਹਾਵਰਾ ਕਿਹੜਾ ਹੈ?

1. ਚੱਟਮ ਕਰ ਜਾਣਾ 2. ਖੂਹ ਨਿਖੁੱਟ ਜਾਣੇ

3. ਗੱਚ ਹੋਣਾ 4. ਝੋਲ਼ੀ ਚੁੱਕਣੀ

**ਭਾਗ (ੲ) ਸਹੀ ਜਾਂ ਗ਼ਲਤ ਦੀ ਚੋਣ ਕਰੋ:**

ਪ੍ਰ-11 ਲੰਮੀਆਂ ਬੋਲੀਆਂ ਸਮੂਹਿਕ ਰੂਪ ਵਿੱਚ ਗਾਇਆ ਜਾਣ ਵਾਲ਼ਾ ਲੋਕ-ਕਾਵਿ ਹੈ। (ਸਹੀ / ਗ਼ਲਤ)

ਪ੍ਰ-12 ਉਸ ਨੇ ਮੋਤੀ ਵਾਪਸ ਕਰ ਕੇ ਧਨ ਦੀ ਮੰਗ ਕੀਤੀ। (ਸਹੀ / ਗ਼ਲਤ)

ਪ੍ਰ-13 ਰਾਂਝਾ ਦਸ ਸਾਲ ਹੀਰ ਦੇ ਪਿਓ ਦੀਆਂ ਮੱਝਾਂ ਚਾਰਦਾ ਰਿਹਾ। (ਸਹੀ / ਗ਼ਲਤ)

ਪ੍ਰ-14 'Tribe' ਦਾ ਪੰਜਾਬੀ ਰੂਪ ਕਬੀਲਾ ਹੈ। (ਸਹੀ / ਗ਼ਲਤ)

ਪ੍ਰ-15 'ਹੱਥ ਵਟਾਉਣਾ' ਦਾ ਅਰਥ ਬਹੁਤ ਮਿਹਨਤ ਕਰਨਾ ਹੈ। (ਸਹੀ / ਗ਼ਲਤ)

**ਭਾਗ (ਸ) ਖ਼ਾਲੀ ਥਾਂਵਾਂ ਭਰੋ:**

ਪ੍ਰ-16 ਸੁਹਾਗ ਦੇ ਲੋਕ-ਗੀਤਾਂ ਵਿੱਚ ਧੀ ਲਈ ਬਾਬਲ.........ਹੈ।

ਪ੍ਰ-17 ਦਮਅੰਤੀ ਨੇ ............... ਨਲ ਦੇ ਗਲ਼ ਵਿੱਚ ਪਾ ਦਿੱਤੀ।

ਪ੍ਰ-18 ਹੀਰ ਰਾਂਝੇ ਦੀ ............ ਪੰਜਾਬ ਦੀ ਬਹੁਤ ਹਰਮਨ ਪਿਆਰੀ ਕਹਾਣੀ ਹੈ।

ਪ੍ਰ-19 'Category' ਸ਼ਬਦ ਦਾ ਸਹੀ ਅਰਥ ............... ਹੈ।

ਪ੍ਰ-20 ਠੰਢੇ ਦੁੱਧ ਨੂੰ .....................।

**2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ: 3*2=6**

ਇਸ ਇਲਾਕੇ ਵਿੱਚ ਤਖ਼ਤ ਹਜ਼ਾਰਾ ਨਾਂ ਦੇ ਪਿੰਡ ਵਿੱਚ ਇੱਕ ਚੌਧਰੀ ਮੌਜੂ ਰਹਿੰਦਾ ਸੀ ਜਿਸ ਦੇ ਅੱਠ ਪੁੱਤਰ ਰਹਿੰਦੇ ਸਨ। ਇਹਨਾਂ ਵਿੱਚੋ ਸਭ ਤੋਂ ਛੋਟਾ ਰਾਂਝਾ ਸੀ। ਉਹ ਅਜੇ ਅਣਵਿਆਹਿਆ ਸੀ। ਪਿਤਾ ਦੀ ਮੌਤ ਤੋਂ ਪਿੱਛੋਂ ਭਰਾਵਾਂ ਵਿੱਚ ਜ਼ਮੀਨ ਦੀ ਵੰਡ-ਵੰਡਾਈ ਉੱਤੇ ਝਗੜਾ ਹੋ ਗਿਆ। ਰਾਂਝੇ ਨੂੰ ਸਭ ਤੋ ਮਾੜੀ ਜ਼ਮੀਨ ਦਿੱਤੀ ਗਈ। ਰਾਂਝਾ ਆਪਣੇ ਭਰਾਵਾਂ ਦੇ ਇਸ ਵਿਹਾਰ ਤੋਂ ਦੁਖੀ ਸੀ। ਬਲ਼ਦੀ ਉੱਤੇ ਭਾਬੀਆਂ ਦੇ ਇਸ ਤਾਹਨੇ ਨੇ ਤੇਲ ਦਾ ਕੰਮ ਕੀਤਾ, "ਜਾਹ, ਦੇਖਾਂਗੇ ਜਦੋਂ ਤੂੰ ਸਿਆਲ਼ਾਂ ਦੀ ਹੀਰ ਵਿਆਹ ਲਿਆਂਵੇਗਾ।"

ਪ੍ਰਸ਼ਨ 1. ਉਪਰੋਕਤ ਪੈਰਾ ਕਿਸ ਕਥਾ ਵਿੱਚੋਂ ਲਿਆ ਗਿਆ ਹੈ ਅਤੇ ਕਥਾ ਦੀ ਵੰਨਗੀ ਕਿਹੜੀ ਹੈ?

ਪ੍ਰਸ਼ਨ 2. ਚੌਧਰੀ ਮੌਜੂ ਦੇ ਮਰਨ ਮਗਰੋਂ ਜ਼ਮੀਨ ਦੀ ਵੰਡ ਕਿਵੇਂ ਹੋਈ?

ਪ੍ਰਸ਼ਨ 3. ਭਾਬੀਆਂ ਨੇ ਰਾਂਝੇ ਨੂੰ ਕੀ ਤਾਹਨਾ ਮਾਰਿਆ?

**3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦੇ ਉੱਤਰ ਲਿਖੋ: 4*3=12**

(ੳ) 'ਦੇਈਂ-ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਕੁੜੀ ਕਿਹੋ-ਜਿਹਾ ਸੱਸ-ਸਹੁਰਾ ਚਾਹੁੰਦੀ ਹੈ?

(ਅ) 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਕਿਸ ਸ਼ਾਨ ਨਾਲ਼ ਜੰਞ ਚੜ੍ਹਨ ਲਈ ਕਿਹਾ ਗਿਆ ਹੈ?

(ੲ) ਸਿੱਠਣੀਆਂ ਵਿੱਚ ਹਾਸੇ-ਮਜ਼ਾਕ ਲਈ ਕਿਹੜੇ-ਕਿਹੜੇ ਵਿਸ਼ੇ ਚੁਣੇ ਜਾਂਦੇ ਹਨ?

(ਸ) ਲੋਕ ਸਿਆਣਪ ਤੇ ਲੋਕ-ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਲਿਖੋ।

(ਹ) 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ ਕਿਸ-ਕਿਸ ਚੀਜ ਦਾ ਜ਼ਿਕਰ ਆਇਆ ਹੈ?

(ਕ) 'ਬੁੱਤ ਬਣੋਟਿਆ' ਢੋਲੇ ਵਿੱਚ ਇਸ ਤੁਕ ਦਾ ਕੀ ਭਾਵ ਹੈ, 'ਦੁਖਿਆਰੇ ਮਰ ਕਿਉਂ ਨਾ ਵੈਂਦੇ'।

(ਖ) ਕਿਹੜੇ-ਕਿਹੜੇ ਮਾਹੀਏ ਵਿੱਚ 'ਪਰਦੇਸੀ' ਸ਼ਬਦ ਆਇਆ ਹੈ? ਆਪਣੇ ਆਪ ਨੂੰ ਪਰਦੇਸੀ ਦੱਸ ਕੇ ਵਕਤਾ

ਕੀ ਭਾਵ ਪ੍ਰਗਟ ਕਰਨਾ ਚਾਹੁੰਦਾ ਹੈ?

(ਗ) ਬੁਝਾਰਤ ਤੋਂ ਕੀ ਭਾਵ ਹੈ? ਬੁਝਾਰਤਾਂ ਦੀਆਂ ਮੂਲ ਕਿਸਮਾਂ ਬਾਰੇ ਲਿਖੋ।

**4. ਹੇਠ ਲਿਖੀਆਂ ਕਥਾਵਾਂ ਵਿੱਚੋਂ ਕਿਸੇ ਇੱਕ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ: 06**

(1) ਨੀਲ ਕਮਲ (2) ਪੂਰਨ ਭਗਤ

**5. (ੳ) ਕਿਸੇ ਅੱਠ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 4+6=10**

ANNUAL, AUDIT, CONDUCT, EMPLOYEE, DAILY WAGE, INITIAL PAY, LENGTH OF SERVICE, PENDING, RETURNS, TOP SECRET.

**(ਅ)ਕਿਸੇ ਛੇ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:**

1) Always keep your Passbook and Chequebook under proper custody.
2) Interest upon deposit ceases from the date of Maturity.
3) Birth/Seats are Reserved here.
4) Do not catch or jump from the running train.
5) Write Pin Code in address.
6) Examine the receipts properly after making payment of Insurance Policy.
7) E-Mail is used to send and receive messages.
8) Click on the start menu to shut down computer.

**6.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ 'ਆਤਮ-ਹੱਤਿਆਵਾ ਦਾ ਪੈਦਾ ਹੋ ਰਿਹਾ ਰੁਝਾਨ' ਬਾਰੇ ਪੱਤਰ ਲਿਖੋ।

**ਜਾਂ**

ਆਪਣੇ ਇਲਾਕੇ ਦੀ ਬੱਸ ਸੇਵਾ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ। **2+4+1=7**

**7.** ਅਖ਼ਬਾਰ ਵਿੱਚ 'ਬੇਦਖ਼ਲੀ ਨੋਟਿਸ ਰੱਦ ਕਰਨ' ਲਈ ਇਸ਼ਤਿਹਾਰ ਲਿਖੋ। **05**

**ਜਾਂ**

'ਖ਼ੂਨਦਾਨ ਕੈਂਪ' ਸੰਬੰਧੀ ਸੱਦਾ-ਪੱਤਰ ਲਿਖੋ।

**8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਲਗ-ਪਗ 150 ਸ਼ਬਦਾਂ ਦਾ ਇਕ ਪੈਰਾ ਲਿਖੋ: 06**

(1) ਲਾਇਬ੍ਰੇਰੀ ਜਾਣਾ (2) ਪਾਣੀ (3) ਘਰ ਤੇ ਰੁੱਖ

**9. ਕਿਸੇ ਚਾਰ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ: 4*2=8**

ਉੱਚਾ ਸਾਹ ਨਾ ਕੱਢਣਾ, ਆਪਣੇ ਤਰਕਸ਼ ਵਿੱਚ ਤੀਰ ਹੋਣਾ, ਕਣਕ ਨਾਲ਼ ਘੁਣ ਵੀ ਪਿਸਣਾ, ਖ਼ਾਕ ਛਾਣਦੇ ਫਿਰਨਾ, ਝਾਂਸੇ ਵਿੱਚ ਆਉਣਾ, ਢੇਰੀ ਢਾਹ ਬਹਿਣਾ, ਨੰਹੁ ਮਾਸ ਦਾ ਰਿਸ਼ਤਾ ਹੋਣਾ, ਫੁੱਲਾਂ ਵਾਂਗ ਰੱਖਣਾ, ਲਗਾਮ ਢਿੱਲੀ ਛੱਡ ਦੇਣੀ

## ਵਿੱਦਿਅਕ ਵਰ੍ਹਾ: 2025-26 ਨਮੂਨਾ ਪ੍ਰਸ਼ਨ-ਪੱਤਰ

## ਗਿਆਰ੍ਹਵੀਂ (ਪੇਪਰ: ਲਾਜ਼ਮੀ ਪੰਜਾਬੀ)

**ਸਮਾਂ: 3 ਘੰਟੇ** **ਲਿਖਤੀ ਅੰਕ: 80**

**ਕੁੱਲ ਅੰਕ: 100** **ਆਂਤਰਿਕ ਮੁਲਾਂਕਣ: 20**

**1. ਵਸਤੂਨਿਸ਼ਠ ਪ੍ਰਸ਼ਨ:** **20*1=20**

**(ੳ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਲਿਖੋ:** **5*1=5**

1) ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲ਼ੇ ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?

2) ਲਾਲਸਾ ਦੀ ਚੱਕੀ ਕਿਸ ਕਿਸਮ ਦੀ ਕਥਾ ਹੈ?

3) ਪਰੀ ਕਥਾਵਾਂ ਦਾ ਅੰਤ ਕਿਹੋ-ਜਿਹਾ ਹੁੰਦਾ ਹੈ?

4) Amount ਦਾ ਪੰਜਾਬੀ ਅਨੁਵਾਦ ਕੀ ਹੈ?

5) ਉੱਚਾ ਸਾਹ ਨਾ ਕੱਢਣਾ ਮੁਹਾਵਰੇ ਦਾ ਅਰਥ ਕੀ ਹੈ?

**(ਅ) ਬਹੁਚੋਣਵੇਂ ਪ੍ਰਸ਼ਨ:** **5*1=5**

6) 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਲੋਕ-ਗੀਤ ਦਾ ਰੂਪ ਕੀ ਹੈ?

(ੳ) ਘੋੜੀ (ਅ) ਸੁਹਾਗ

(ੲ) ਟੱਪਾ (ਸ) ਲੰਮੀ ਬੋਲੀ

7) ਪ੍ਰਹਿਲਾਦ ਭਗਤ ਦੀ ਮਿੱਥ ਕਥਾ ਦਾ ਮੁੱਖ ਪਾਤਰ ਇੱਕ:

(ੳ) ਬਾਲਕ ਹੈ (ਅ) ਪਾਂਧਾ ਹੈ

(ੲ) ਸਾਧੂ ਹੈ (ਸ) ਪ੍ਰੇਮੀ ਹੈ

8) ਨਲ ਦਮਿਅੰਤੀ ਕਥਾ ਦਾ ਪਾਤਰ ਚੁਣੋ:

(ੳ) ਪੂਰਨ ਭਗਤ (ਅ) ਪਰਨਾਖਸ਼

(ੲ) ਪੁਸ਼ਕਰ (ਸ) ਪ੍ਰਹਿਲਾਦ

9) ਅਸਾਮੀ ਦਾ ਸਹੀ ਅੰਗਰੇਜ਼ੀ ਰੂਪ ਚੁਣੋ:

(ੳ) Time (ਅ) Post

(ੲ) Retum (ਸ) Noted

10) ਗੁਣਹੀਣ ਮਨੁੱਖ ਨੂੰ ਗੁਣਵਾਨ ਬਣਾਉਣਾ ਦਾ ਮੁਹਾਵਰਾ ਹੈ

(ੳ) ਕਸਵੱਟੀ ਉੱਪਰ ਲਾਉਣਾ (ਅ) ਕਲਮ ਦੀ ਧਨੀ ਹੋਣਾ

(ੲ) ਕੱਚ ਤੋਂ ਕੰਚਨ ਬਣਾਉਣਾ (ਸ) ਆਪਣੇ ਅੱਗੋਂ ਕੰਡੇ ਬੀਜਣਾ

**(ੲ) ਸਹੀ/ਗ਼ਲਤ ਚੁਣੋ:** **5*1=5**

11) ਚਾਚਾ ਧੀ ਨੂੰ ਵਿਆਹੁਣ ਸਮੇਂ ਨਿਵ ਜਾਂਦਾ ਹੈ।

12) ਰੱਤੇ ਡੋਲੇ ਵਿੱਚ ਲਾੜਾ ਬੈਠ ਕੇ ਆਵੇਗਾ।

13) ਸਬਜ਼ਪਰੀ ਕਥਾ ਇੱਕ ਦੰਤ ਕਥਾ ਹੈ।

14) ਸੱਠੀ ਦੇ ਚੌਲ਼ ਖੁਆਉਣੇ ਮੁਹਾਵਰੇ ਦਾ ਅਰਥ ਮੱਤ ਮਾਰ ਦੇਣੀ ਹੈ।

15) Atmosphere ਦਾ ਅਰਥ ਵਾਯੂਮੰਡਲ ਹੈ।

**(ਸ) ਖ਼ਾਲੀ ਥਾਂਵਾਂ: 5*1=5**

16) ਜਾਂਞੀਆਂ ਨੂੰ ਖਲ ਕੁੱਟ ਦਿਓ …………..

17) ਪੂਰਨ ਭਗਤ ਦੀ ਮਾਂ ਦਾ ਨਾਂ ……………….ਸੀ

18) ਨਲ …………. ਦਾ ਪੁੱਤਰ ਸੀ।

19) ਕੁੱਜੇ ਵਿੱਚ …… , ਬੰਦ ਕਰਨਾ।

20) Cliam ਦਾ ਪੰਜਾਬੀ ਰੂਪ………….. ਹੈ।

**2. ਹੇਠ ਲਿਖੇ ਪੈਰੇ ਵਿੱਚੋਂ ਪ੍ਰਸ਼ਨਾਂ ਦੇ ਉੱਤਰ ਦਿਓ: 3×2=6**

ਸੁਦਾਗਰ ਉਸ ਵੇਲ਼ੇ ਆਪਣੀ ਪਤਨੀ ਕੋਲ਼ ਗਿਆ ਤੇ ਉਸ ਨੇ ਆਪਣੇ ਮੰਤਰੀ ਬਣਾਏ ਜਾਣ ਦੀ ਗੱਲ ਦੱਸੀ। ਨਾਲ਼ ਹੀ ਰਾਜਧਾਨੀ ਵਿੱਚ ਜਾ ਕੇ ਰਹਿਣ ਦੀ ਗੱਲ ਕੀਤੀ। ਉਸ ਦੀ ਪਤਨੀ ਨੇ ਕਿਹਾ ਕਿ ਇਸ ਵਿੱਚ ਵੀ ਰਾਜੇ ਦੀ ਕੋਈ ਚਾਲ ਹੈ ਪਰ ਸੁਦਾਗਰ ਦੇ ਸਿਰ ’ਤੇ ਮੰਤਰੀ ਬਣਨ ਦਾ ਭੂਤ ਸਵਾਰ ਸੀ। ਉਸਨੇ ਆਪਣੇ ਪਤਨੀ ਦੀ ਇੱਕ ਨਾ ਮੰਨੀ ਤੇ ਉਹ ਉਸ ਨੂੰ ਲੈ ਕੇ ਰਾਜੇ ਦੇ ਸ਼ਹਿਰ ਆ ਗਿਆ। ਰਾਜੇ ਨੇ ਸੁਦਾਗਰ ਨੂੰ ਮਹਿਲਾਂ ਦੇ ਨੇੜੇ ਹੀ ਇੱਕ ਹਵੇਲੀ ਦੇ ਦਿੱਤੀ। ਸੁਦਾਗਰ ਅਤੇ ਉਸ ਦੀ ਪਤਨੀ ਉੱਥੇ ਰਹਿਣ ਲੱਗੇ।

1) ਉਪਰੋਕਤ ਪੈਰਾ ਕਿਸ ਕਥਾ ਵਿੱਚੋਂ ਲਿਆ ਗਿਆ ਅਤੇ ਕਥਾ ਦੀ ਵੰਨਗੀ ਕੀ ਹੈ?
2) ਸੁਦਾਗਰ ਰਾਜਧਾਨੀ ਵਿੱਚ ਕਿਉਂ ਰਹਿਣਾ ਚਾਹੁੰਦਾ ਸੀ?
3) ਸੁਦਾਗਰ ਅਤੇ ਉਸ ਦੀ ਪਤਨੀ ਕਿੱਥੇ ਰਹਿਣ ਲੱਗੇ?

**3. ਹੇਠ ਲਿਖੇ ਪ੍ਰਸ਼ਨਾਂ 'ਚੋਂ ਕਿਸੇ ਚਾਰ ਦੇ ਉੱਤਰ ਦਿਓ: 4*3=12**

1) ਬੇਟੀ, ਚੰਨਣ ਦੇ ਓਹਲੇ ਲੋਕ-ਗੀਤ ਵਿੱਚ ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੋ?
2) ‘ਨਿੱਕੀ ਜਿਹੀ ਸੂਈ ਵੱਟਵਾਂ ਧਾਗਾ ਸੁਹਾਗ ਵਿੱਚ ਧੀ ਦੇ ਰੋਣ ਦਾ ਕੀ ਕਾਰਨ ਹੈ ?
3) ‘ਮੈਂ ਬਲਿਹਾਰੀ ਮਾਂ ਦਿਆ ਸੁਰਜਣਾ’ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ ?
4) ‘ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਮਾਂ ਕਦੋਂ ਪਾਣੀ ਵਾਰ ਕੇ ਪੀਂਦੀ ਹੈ?
5) ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਹੁੰਦਾ ਹੈ? ਕਿਸੇ ਇੱਕ ਸਿੱਠਣੀ ਦੀ ਉਦਾਹਰਨ ਦਿਓ।
6) ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ, ਕਿਸ ਨੂੰ ਦਿੱਤੀਆਂ ਜਾਂਦੀਆਂ ਹਨ।

**4. ਕਿਸੇ ਇੱਕ ਕਥਾ ਦਾ ਸਾਰ ਲਿਖੋ: 6**

(ੳ) ਰਾਜਾ ਰਸਾਲੂ (ਅ) ਸਬਜ਼ ਪਰੀ

**5. (ੳ) ਕਿਸੇ 8 ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ: 1/2*8=4**

Agreement, Branch, Claim, Increment, Damage, May be filled, Promotion, Rough Copy, Service Book, Your Faithfully

**(ਅ) ਹੇਠ ਲਿਖਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰੋ (ਕੋਈ ਛੇ ਕਰੋ) 1*6=6**

1) Payment can be made in cash or by cheque.
2) Please we separate slips for Cheques n this bank.
3) Caution, railway crossing s ahead.
4) Smoking is injurious to health.
5) Write pin-code in address.
6) Address must be written on this side only.
7) No identity slip shall be issued to a person other than the one authorized.
8) Beware of pick-pockets.

**6. ਅਖਬਾਰ ਦੇ ਸੰਪਾਦਕ ਨੂੰ ਕੋਈ ਇੱਕ ਪੱਤਰ ਲਿਖੋ: 2+4+1−7**

ਨੋਟਿਸ ਬੋਰਡਾਂ ਉੱਤੇ ਇਸ਼ਤਿਹਾਰ ਲਾਉਣ ਦੀ ਸਮੱਸਿਆ ਬਾਰੇ।

**ਜਾਂ**

ਇੱਕ ਸਾਦਾ ਤੇ ਆਦਰਸ਼ ਵਿਆਹ ਬਾਰੇ।

**7.** ਨਾਂ ਬਦਲੀ ਸੰਬੰਧੀ ਅਖ਼ਬਾਰ ਵਿੱਚ ਦੇਣ ਲਈ ਇੱਕ ਇਸ਼ਤਿਹਾਰ ਲਿਖੋ। **5**

**ਜਾਂ**

ਵਿਆਹ ਲਈ ਸੱਦਾ ਦੇਣ ਲਈ ਇੱਕ ਸੱਦਾ-ਪੱਤਰ ਲਿਖੋ।

**8. ਕਿਸੇ ਇੱਕ ਵਿਸ਼ੇ ਤੇ ਪੈਰਾ ਰਚਨਾ ਲਿਖੋ: 6**

1) ਵਕਤ ਦੀ ਪਾਬੰਦੀ
2) ਅਨੁਸ਼ਾਸਨਹੀਣਤਾ
3) ਸਾਈਬਰ ਅਪਰਾਧ

**9. ਹੇਠ ਲਿਖਿਆਂ 'ਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ: 4*2=8**

ਊਠ ਦੇ ਮੂੰਹ ਜ਼ੀਰਾ ਦੇਣਾ, ਅੱਖਾਂ ਉੱਤੇ ਬਿਠਾਉਣਾ, ਕੱਖ ਭੰਨ ਕੇ ਦੂਹਰਾ ਨਾ ਕਰਨਾ, ਖ਼ਾਕ ਛਾਣਦੇ ਫਿਰਨਾ, ਗੱਚ ਭਰ ਆਉਣਾ, ਘਿਓ-ਸ਼ੱਕਰ ਹੋਣਾ, ਧੁੜਕੂ ਲੱਗਣਾ, ਬਾਤ ਪੁੱਛਣੀ